ਭਾਰਤ ਦਾ ਇੱਕੋ-ਇੱਕ ਹਫਤਾਵਾਰੀ
ਪੰਜਾਬੀ ਖੇਤੀਬਾੜੀ ਅਖ਼ਬਾਰ

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 04-07-2026 • Vol.44 No.27 • M. 90410-14575 • Page 16 | E-mail : khetiduniyan1983@gmail.com



Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 I 9216103075 I 9216103069




# ਝੋਨੇ ਵਿੱਚ ਖਾਦਾਂ ਦੀ ਸੁਚੱਜੀ ਵਰਤੋਂ ਨਾਲ ਵਧਾਓ ਝਾੜ

**ਖਾਦਾਂ ਦੀ ਬੇਲੋੜੀ ਵਰਤੋਂ ਨਾਲ ਉਤਪਾਦਨ ਲਾਗਤ ਵਧਣ ਦੇ ਨਾਲ-ਨਾਲ ਮਿੱਟੀ ਦੀ ਉਪਜਾਊ ਸ਼ਕਤੀ ਤੇ ਵਾਤਾਵਰਣ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਇਸ ਲਈ ਮਿੱਟੀ ਪਰਖ ਦੇ ਆਧਾਰ 'ਤੇ ਖਾਦਾਂ ਦੀ ਵਰਤੋਂ ਕਰੋ...**

ਬਿਕਰਮਜੀਤ ਸਿੰਘ, ਸੁਖਜੀਤ ਕੌਰ ਤੇ ਤਲਵਿੰਦਰ ਸਿੰਘ

ਝੋਨਾ ਪੰਜਾਬ ਦੀਆਂ ਮੁੱਖ ਫ਼ਸਲਾਂ ਵਿੱਚੋਂ ਇੱਕ ਹੈ, ਜੋ ਸੂਬੇ ਦੀ ਖੇਤੀਬਾੜੀ, ਅਰਥ-ਵਿਵਸਥਾ ਵਿੱਚ ਅਹਿਮ ਯੋਗਦਾਨ ਪਾਉਂਦਾ ਹੈ। ਉੱਚ ਤੇ ਟਿਕਾਊ ਉਤਪਾਦਨ ਪ੍ਰਾਪਤ ਕਰਨ ਲਈ ਫ਼ਸਲ ਨੂੰ ਲੋੜੀਂਦੇ ਪੌਸ਼ਟਿਕ ਤੱਤਾਂ ਦੀ ਸਮੇਂ ਸਿਰ ਤੇ ਸੰਤੁਲਿਤ ਸਪਲਾਈ ਬਹੁਤ ਜ਼ਰੂਰੀ ਹੈ। ਖਾਦਾਂ ਦੀ ਬੇਲੋੜੀ ਵਰਤੋਂ ਨਾਲ ਉਤਪਾਦਨ ਲਾਗਤ ਵਧਣ ਦੇ ਨਾਲ-ਨਾਲ ਮਿੱਟੀ ਦੀ ਉਪਜਾਊ ਸ਼ਕਤੀ ਤੇ ਵਾਤਾਵਰਣ 'ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਇਸ ਲਈ ਮਿੱਟੀ ਪਰਖ ਦੇ ਆਧਾਰ 'ਤੇ ਖਾਦਾਂ ਦੀ ਵਰਤੋਂ ਕਰਨਾ ਸਮੇਂ ਦੀ ਮੁੱਖ ਲੋੜ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਝੋਨੇ ਦੀ ਫ਼ਸਲ ਵਿੱਚ ਖਾਦਾਂ ਦੀ ਸੁਚੱਜੀ ਵਰਤੋਂ ਲਈ ਵਿਗਿਆਨਕ ਸਿਫ਼ਾਰਸ਼ਾਂ ਜਾਰੀ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਅਪਣਾ ਕੇ ਕਿਸਾਨ ਵੱਧ ਝਾੜ, ਘੱਟ ਲਾਗਤ ਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਲੰਬੇ ਸਮੇਂ ਤੱਕ ਯਕੀਨੀ ਬਣਾ ਸਕਦੇ ਹਨ।



### ਟਿਕਾਊ ਉਤਪਾਦਨ ਲਈ ਜ਼ਰੂਰੀ

ਇਨ੍ਹਾਂ ਸਿਫ਼ਾਰਸ਼ਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਖਾਦਾਂ ਤੇ ਹੋਰ ਪੌਸ਼ਟਿਕ ਤੱਤਾਂ ਦੀ ਸੁਚੱਜੀ ਵਰਤੋਂ ਝੋਨੇ ਦੇ ਉੱਚ ਅਤੇ ਟਿਕਾਊ ਉਤਪਾਦਨ ਲਈ ਜ਼ਰੂਰੀ ਹੈ। ਇਸ ਤਰ੍ਹਾਂ ਪੌਸ਼ਟਿਕ ਤੱਤਾਂ ਦਾ ਸੰਤੁਲਿਤ ਪ੍ਰਬੰਧ ਨਾ ਸਿਰਫ ਫ਼ਸਲ ਦੀ ਉਤਪਾਦਕਤਾ ਕਹਾਉਂਦਾ ਹੈ ਸਗੋਂ ਖਾਦਾਂ ਦੀ ਵਰਤੋਂ ਕੁਸ਼ਲਤਾ ਵਿੱਚ ਵਾਧਾ ਕਰ ਕੇ ਖੇਤੀ ਨੂੰ ਹੋਰ ਲਾਭਕਾਰੀ ਤੇ ਟਿਕਾਊ ਬਣਾਉਣ ਵਿੱਚ ਵੀ ਸਹਾਇਕ ਹੁੰਦਾ ਹੈ।

## ਖਾਦਾਂ ਪਾਉਣ ਦਾ ਸਮਾਂ

ਝੋਨੇ ਦੀਆਂ ਸਾਰੀਆਂ ਕਿਸਮਾਂ ਨੂੰ ਨਾਈਟ੍ਰੋਜਨ ਖਾਦ ਤਿੰਨ ਬਰਾਬਰ ਕਿਸ਼ਤਾਂ ਵਿੱਚ ਪਾਓ। ਪਹਿਲੀ ਕਿਸ਼ਤ ਲੁਆਈ ਤੋਂ 7 ਦਿਨਾਂ ਤੱਕ ਤੇ ਦੂਜੀ ਕਿਸ਼ਤ ਲੁਆਈ ਤੋਂ 21 ਦਿਨਾਂ 'ਤੇ ਪਾਓ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ (ਪੀਆਰ 126) ਨੂੰ ਤੀਜੀ ਕਿਸ਼ਤ ਲੁਆਈ ਤੋਂ 35 ਦਿਨਾਂ, ਜਦੋਂਕਿ ਬਾਕੀ ਕਿਸਮਾਂ ਨੂੰ ਲੁਆਈ ਤੋਂ 42 ਦਿਨਾਂ 'ਤੇ ਪਾਓ। ਝੋਨਾ ਨਿਸਰਨ ਵੇਲੇ ਨਾਈਟ੍ਰੋਜਨ ਵਾਲੀਆਂ ਖਾਦਾਂ ਦੀ ਵਰਤੋਂ ਨਾਲ ਦਾਣੇ ਥੋਥੇ ਰਹਿ ਜਾਂਦੇ ਹਨ, ਜਿਸ ਨਾਲ ਝਾੜ ਘੱਟ ਜਾਂਦਾ ਹੈ।



ਨਾਈਟ੍ਰੋਜਨ ਖਾਦ ਦੀ ਦੂਜੀ ਤੇ ਤੀਜੀ ਕਿਸ਼ਤ ਉਸ ਵੇਲੇ ਪਾਓ, ਜਦੋਂ ਖੇਤ ਵਿੱਚ ਪਾਣੀ ਨਾ ਖੜ੍ਹਾ ਹੋਵੇ। ਪਾਣੀ, ਖਾਦ ਪਾਉਣ ਤੋਂ ਤੀਜੇ ਦਿਨ ਲਾਓ। ਝੋਨੇ ਵਿੱਚ ਨਾਈਟ੍ਰੋਜਨ ਖਾਦ ਦੀ ਲੋੜ ਅਨੁਸਾਰ ਵਰਤੋਂ ਲਈ ਪੀਏਯੂ ਪੱਤਾ ਰੰਗ ਚਾਰਟ ਵਿਧੀ ਅਪਨਾਓ। ਇਸ ਅਨੁਸਾਰ ਲੁਆਈ ਸਮੇਂ 25 ਕਿਲੋ ਯੂਰੀਆ ਪ੍ਰਤੀ ਏਕੜ ਪਾਉਣ ਉਪਰੰਤ ਪਨੀਰੀ ਲਾਉਣ ਤੋਂ 14 ਦਿਨ ਬਾਅਦ 7 ਦਿਨ ਦੇ ਅੰਤਰ 'ਤੇ ਪੱਤਿਆਂ ਦਾ ਰੰਗ ਪੱਤਾ ਰੰਗ ਚਾਰਟ ਨਾਲ ਮਿਲਾਇਆ ਜਾਂਦਾ ਹੈ। ਜੇ ਦਸ ਵਿੱਚੋਂ ਛੇ ਜਾਂ ਵੱਧ ਪੱਤਿਆਂ ਦਾ ਰੰਗ ਚਾਰਟ ਦੀ ਟਿੱਕੀ ਨੰਬਰ 4 ਤੋਂ ਫਿੱਕਾ ਹੋਵੇ ਤਾਂ 25 ਕਿਲੋ ਯੂਰੀਆ ਪ੍ਰਤੀ ਏਕੜ ਪਾਈ ਜਾਂਦੀ ਹੈ, ਨਹੀਂ ਤਾਂ ਯੂਰੀਆ ਦੀ ਵਰਤੋਂ ਨਹੀਂ ਕੀਤੀ ਜਾਂਦੀ। ਝੋਨੇ ਦੇ ਨਿਸਰਨ ਤੋਂ ਬਾਅਦ ਪੱਤਾ ਰੰਗ ਚਾਰਟ ਦੀ ਵਰਤੋਂ ਦੀ ਲੋੜ ਨਹੀਂ ਤੇ ਹੋਰ ਖਾਦ ਨਹੀਂ ਪਾਉਣੀ ਚਾਹੀਦੀ।



ਫਾਸਫੋਰਸ ਦੀ ਘਾਟ ਵਾਲੀ ਜ਼ਮੀਨ ਵਿੱਚ ਜਿੱਥੇ 27 ਕਿਲੋ ਡੀਏਪੀ ਵਰਤੀ ਹੋਵੇ ਤਾਂ 10 ਕਿਲੋ ਯੂਰੀਆ ਘੱਟ ਪਾਓ। ਪੀਆਰ 132 ਕਿਸਮ ਤੋਂ ਜ਼ਿਆਦਾ ਝਾੜ ਲੈਣ ਲਈ ਯੂਰੀਆ ਖਾਦ ਦੀ ਵਰਤੋਂ ਦੂਸਰੀਆਂ ਕਿਸਮਾਂ ਨਾਲੋਂ 25 ਫ਼ੀਸਦੀ ਘੱਟ ਕਰੋ। ਯੂਰੀਆ ਖਾਦ ਦੀ ਜ਼ਿਆਦਾ ਵਰਤੋਂ ਨਾਲ ਇਹ ਕਿਸਮ ਡਿੱਗ ਸਕਦੀ ਹੈ।

ਜੇ ਖੇਤ ਵਿੱਚ ਝੋਨੇ ਦੀ ਪਨੀਰੀ 6 ਟਨ ਪ੍ਰਤੀ ਏਕੜ ਮੱਛੀ ਦੇ ਤਲਾਅ ਦੀ ਗਾਰ ਨੂੰ ਪਾਉਣ ਤੋਂ ਬਾਅਦ ਲਾਈ ਗਈ ਹੋਵੇ ਤਾਂ ਸਿਫ਼ਾਰਸ਼ ਕੀਤੀ ਗਈ ਖਾਦ ਨਾਲੋਂ 25 ਫ਼ੀਸਦੀ ਘੱਟ ਖਾਦ ਪਾਓ।

## ਖਾਦਾਂ ਪਾਉਣ ਸਬੰਧੀ ਜ਼ਰੂਰੀ ਨੁਕਤੇ

ਪੰਜਾਬ ਦੀਆਂ ਮੁੱਖ ਫ਼ਸਲਾਂ ਵਿੱਚੋਂ ਇਕ ਝੋਨੇ ਦੀ ਫ਼ਸਲ ਦਾ ਚੰਗਾ ਝਾੜ ਲੈਣ ਲਈ ਤੇ ਜ਼ਮੀਨ ਦੀ ਸਿਹਤ ਬਰਕਰਾਰ ਰੱਖਣ ਲਈ ਜੈਵਿਕ, ਜੀਵਾਣੂ ਤੇ ਰਸਾਇਣਕ ਖਾਦਾਂ ਦੀ ਰਲਵੀਂ ਵਰਤੋਂ ਕਰੋ।

ਰੇਤਲੀ ਤੋਂ ਰੇਤਲੀ ਮੈਰਾ ਜ਼ਮੀਨ ਵਿੱਚ ਝੋਨੇ ਦਾ ਵਧੇਰੇ ਝਾੜ ਲੈਣ ਲਈ ਤੇ ਲਘੂ ਤੱਤਾਂ ਦੀ ਘਾਟ ਦੀ ਪੂਰਤੀ ਲਈ ਜੈਵਿਕ ਖਾਦ ਜਾਂ ਹਰੀ ਖਾਦ ਜਾਂ ਗਰਮ ਰੁੱਤ ਦੀ ਮੂੰਗੀ ਦੀ ਰਹਿੰਦ ਖੂਹੰਦ ਨੂੰ ਖੇਤ ਵਿੱਚ ਮਿਲਾਉਣ ਮਗਰੋਂ ਨਾਈਟ੍ਰੋਜਨ ਖਾਦ ਦੀ ਸਿਫ਼ਾਰਸ਼ ਕੀਤੀ ਪੂਰੀ ਮਾਤਰਾ ਪਾਓ।

## ਜੈਵਿਕ ਖਾਦ

ਝੋਨੇ ਦੀ ਲੁਆਈ ਤੋਂ ਪਹਿਲਾਂ ਰੂੜੀ, ਮੁਰਗੀਆਂ ਦੀ ਖਾਦ ਜਾਂ ਸੁੱਕੀ ਗੋਬਰ ਗੈਸ ਸਲੱਰੀ, ਪਰਾਲੀਚਾਰ ਜਾਂ ਹਰੀ ਖਾਦ ਦੀ ਵਰਤੋਂ ਕਰਕੇ ਯੂਰੀਆ ਖਾਦ ਦੀ ਮਾਤਰਾ ਘਟਾਈ ਜਾ ਸਕਦੀ ਹੈ।

ਸਾਰਣੀ-1 : ਜੈਵਿਕ ਖਾਦ ਦੀ ਵਰਤੋਂ

| ਜੈਵਿਕ ਖਾਦ | ਮਾਤਰਾ (ਟਨ) (ਪ੍ਰਤੀ ਏਕੜ) | ਯੂਰੀਆ ਖਾਦ ਦੀ ਬੱਚਤ |
|---|---|---|
| ਰੂੜੀ | 6 | 35 ਕਿਲੋ ਯੂਰੀਆ |
| ਪ੍ਰੈਸਮੱਡ | 6 | 55 ਕਿਲੋ ਯੂਰੀਆ |
| ਮੁਰਗੀਆਂ ਦੀ ਖਾਦ | 2.5 | 55 ਕਿਲੋ ਯੂਰੀਆ |
| ਗੋਬਰ ਗੈਸ ਸਲੱਰੀ (ਸੁੱਕੀ) | 2.4 | 35 ਕਿਲੋ ਯੂਰੀਆ |
| ਪਰਾਲੀਚਾਰ | 2.0 | 35 ਕਿਲੋ ਯੂਰੀਆ |
| ਹਰੀ ਖਾਦ | - | 55 ਕਿਲੋ ਯੂਰੀਆ |
| ਮੂੰਗੀ ਦੀ ਰਹਿੰਦ-ਖੂੰਹਦ | - | 35 ਕਿਲੋ ਯੂਰੀਆ |

## ਰਸਾਇਣਕ ਖਾਦਾਂ

ਰਸਾਇਣਕ ਖਾਦਾਂ ਦੀ ਵਰਤੋਂ ਮਿੱਟੀ ਪਰਖ ਆਧਾਰ 'ਤੇ ਕਰੋ। ਜੇ ਮਿੱਟੀ ਪਰਖ ਨਹੀਂ ਕਰਵਾਈ ਤਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਦੱਸੇ ਅਨੁਸਾਰ ਖਾਦਾਂ ਪਾਓ। (ਸਾਰਣੀ-2)

ਸਾਰਣੀ-2 : ਰਸਾਇਣਕ ਖਾਦਾਂ ਦੀ ਵਰਤੋਂ

| ਖਾਦਾਂ ਦੀਆਂ ਕਿਸਮਾਂ (ਕਿਲੋ ਪ੍ਰਤੀ ਏਕੜ) | ਨਿੰਮ ਲਿਪਰ ਯੂਰੀਆ | ਡੀ ਏ ਪੀ | ਜਾਂ ਸਿੰਗਲ ਸੁਪਰ-ਫਾਸਫੇਟ | ਮਿਊਰੇਟ ਆਫ ਪੋਟਾਸ਼ |
|---|---|---|---|---|
| ਪੀਆਰ 132 | 67.5 | 27 | 75 | 20 |
| ਹੋਰ ਸਾਰੀਆਂ ਕਿਸਮਾਂ | 27 | 27 | 75 | 20 |

**ਮਿੱਟੀ ਪਰਖ ਦੇ ਆਧਾਰ 'ਤੇ ਘਾਟ ਹੋਵੇ ਤਾਂ ਫਾਸਫੋਰਸ 'ਤੇ ਪੋਟਾਸ਼ ਤੱਤਾਂ ਦੀ ਵਰਤੋਂ ਕਰੋ।**

## ਜੀਵਾਣੂ ਖਾਦ

ਪਨੀਰੀ ਦੀਆਂ ਜੜ੍ਹਾਂ ਨਾਲੋਂ ਮਿੱਟੀ ਲਾਹੁਣ ਲਈ ਜੜ੍ਹਾਂ ਨੂੰ ਪਾਣੀ ਵਿੱਚ ਧੋ ਦਿਓ। ਇੱਕ ਪੈਕੇਟ (500 ਗ੍ਰਾਮ) ਐਜ਼ੋਸਪਾਇਰੀਲਮ ਜੀਵਾਣੂ ਖਾਦ ਨੂੰ 100 ਲਿਟਰ ਪਾਣੀ ਵਿੱਚ ਘੋਲ ਲਓ ਤੇ ਇਕ ਏਕੜ ਝੋਨੇ ਦੀਆਂ ਪਨੀਰੀ ਦੀਆਂ ਜੜ੍ਹਾਂ ਨੂੰ 45 ਮਿੰਟ ਲਈ ਡੁਬੋਣ ਤੋਂ ਬਾਅਦ ਪਨੀਰੀ ਨੂੰ ਛੇਤੀ ਹੀ ਖੇਤ ਵਿੱਚ ਲਗਾ ਦਿਓ। ਐਜ਼ੋਸਪਾਇਰੀਲਮ ਜੀਵਾਣੂ ਖਾਦ ਦਾ ਟੀਕਾ ਪੀਏਯੂ ਦੀ ਬੀਜਾਂ ਦੀ ਦੁਕਾਨ ਗੇਟ ਨੰ. 1 ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਮਿਲਦਾ ਹੈ।

## ਛੋਟੇ ਤੱਤਾਂ ਦੀ ਘਾਟ

**ਜ਼ਿੰਕ ਦੀ ਘਾਟ** : ਇਸ ਘਾਟ ਵਿੱਚ ਬੂਟੇ ਮੱਧਰੇ ਰਹਿ ਜਾਂਦੇ ਹਨ ਤੇ ਬੂਟਾ ਜਾੜ ਬਹੁਤ ਘੱਟ ਮਾਰਦਾ ਹੈ। ਅਜਿਹੇ ਬੂਟਿਆਂ ਦੇ ਪੱਤੇ ਜੰਗਾਲੇ ਜਿਹੇ ਤੇ ਭੂਰੇ ਹੋ ਜਾਂਦੇ ਹਨ। ਪੱਤੇ ਦੀ ਵਿਚਕਾਰਲੀ ਨਾੜ ਦਾ ਰੰਗ ਬਦਲ ਜਾਂਦਾ ਹੈ ਤੇ ਬਾਅਦ ਵਿੱਚ ਸੁੱਕ ਜਾਂਦੇ ਹਨ। ਜਿਨ੍ਹਾਂ ਖੇਤਾਂ ਵਿੱਚ ਪਿਛਲੇ ਸਾਲ ਵੀ ਇਹ ਘਾਟ ਸੀ, ਉਨ੍ਹਾਂ ਖੇਤਾਂ ਵਿੱਚ ਜ਼ਿੰਕ ਦੀ ਘਾਟ ਪੂਰੀ ਕਰਨ ਲਈ ਕੱਦੂ ਕਰਨ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਖਿਲਾਰ ਦੇਣਾ ਚਾਹੀਦਾ ਹੈ। ਜੇ ਬੀਜੀ ਫ਼ਸਲ ਵਿੱਚ ਇਹ ਨਿਸ਼ਾਨੀਆਂ ਨਜ਼ਰ ਆਉਣ ਤਾਂ ਉਸ ਵੇਲੇ ਹੀ ਜ਼ਿੰਕ ਸਲਫੇਟ ਖੇਤ ਵਿੱਚ ਛੱਟੇ ਨਾਲ ਪਾ ਦਿਓ। ਬਹੁਤ ਮਾੜੀਆਂ ਜ਼ਮੀਨਾਂ ਵਿੱਚ ਇੱਕ ਸਲਫੇਟ ਦੀ ਵਰਤੋਂ ਦੇ ਬਾਵਜੂਦ ਜ਼ਿੰਕ ਦੀ ਘਾਟ ਧੌੜੀਆਂ ਵਿੱਚ ਨਜ਼ਰ ਆਉਂਦੀ ਹੈ।

**ਲੋਹੇ ਦੀ ਘਾਟ** : ਜ਼ਿਆਦਾ ਰੇਤਲੀਆਂ ਜ਼ਮੀਨਾਂ ਵਿੱਚ ਜਿੱਥੇ ਪਾਣੀ ਦੀ ਘਾਟ ਹੋਵੇ, ਪਨੀਰੀ ਲਾਉਣ ਤੋਂ ਕੁਝ ਦਿਨਾਂ ਬਾਅਦ ਬੂਟੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਜਾਂਦੇ ਹਨ। ਇਸ ਨਾਲ ਬੂਟੇ ਮਰ ਜਾਂਦੇ ਹਨ ਤੇ ਕਈ ਵਾਰੀ ਸਾਰੀ ਦੀ ਸਾਰੀ ਫ਼ਸਲ ਹੀ ਤਬਾਹ ਹੋ ਜਾਂਦੀ ਹੈ। ਜਦੋਂ ਅਜਿਹੇ ਪੀਲੇਪਣ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਛੇਤੀ-ਛੇਤੀ ਭਰਵੇਂ ਪਾਣੀ ਫ਼ਸਲ ਨੂੰ ਦਿਓ। ਇਕ ਹਫ਼ਤੇ ਦੀ ਵਿੱਥ ਰੱਖ ਕੇ ਇੱਕ ਫ਼ੀਸਦੀ ਲੋਹੇ (ਇੱਕ ਕਿਲੋ ਫੈਰਸ ਸਲਫੇਟ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ) ਦਾ ਛਿੜਕਾਅ ਪੱਤਿਆਂ ਉੱਪਰ ਕਰੋ। ਅਜਿਹੇ 2-3 ਛਿੜਕਾਅ ਕਰਨ ਨਾਲ ਲੋਹੇ ਦੀ ਘਾਟ ਪੂਰੀ ਕੀਤੀ ਜਾ ਸਕਦੀ ਹੈ। ਇੱਥੇ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਲੋਹੇ ਦੀ ਜ਼ਮੀਨ ਰਾਹੀਂ ਪੂਰਤੀ ਅਸਰਦਾਰ ਨਹੀਂ ਹੈ।

# ਝੋਨੇ ਦੀ ਸਿੱਧੀ ਬਿਜਾਈ ਦੀ ਸਫ਼ਲਤਾਪੂਰਵਕ ਮਿਸਾਲ : ਕੁਲਦੀਪ ਸਿੰਘ

ਜ਼ਿਲ੍ਹਾ ਮਾਨਸਾ ਦੇ ਬਲਾਕ ਭੀਖੀ ਦੇ ਪਿੰਡ ਮੱਤੀ ਦੇ ਰਹਿਣ ਵਾਲੇ 47 ਸਾਲਾ ਅਗਾਂਹਵਧੂ ਕਿਸਾਨ ਕੁਲਦੀਪ ਸਿੰਘ ਮੱਤੀ ਪੁੱਤਰ ਸ. ਤੇਜਾ ਸਿੰਘ ਅੱਜ ਇਲਾਕੇ ਦੇ ਕਿਸਾਨਾਂ ਲਈ ਪ੍ਰੇਰਨਾ ਸਰੋਤ ਬਣ ਚੁੱਕੇ ਹਨ। ਕੁਲਦੀਪ ਸਿੰਘ ਕੋਲ ਆਪਣੀ 10 ਏਕੜ ਜ਼ਮੀਨ ਹੈ ਅਤੇ ਉਹ 10 ਏਕੜ ਜ਼ਮੀਨ ਠੇਕੇ ਤੇ ਲੈ ਕੇ ਕੁੱਲ 20 ਏਕੜ ਰਕਬੇ ਵਿੱਚ ਖੇਤੀ ਕਰਦੇ ਹਨ। ਜੋ ਕਿ ਉਸ ਦੇ ਆਪਣੇ ਅਤੇ ਆਪ ਦੇ ਪਰਿਵਾਰ ਦੇ ਜੀਵਨ ਨਿਰਭਾਅ ਲਈ ਬਹੁਤ ਵੀ ਵਧੀਆ ਸਾਧਨ ਸਿੱਧ ਹੋ ਰਿਹਾ ਹੈ।

ਕੁਝ ਸਾਲ ਪਹਿਲਾਂ ਤੱਕ ਉਹ ਵੀ ਰਵਾਇਤੀ ਤਰੀਕੇ ਨਾਲ ਕੱਦੂ ਕਰਕੇ ਝੋਨਾ ਲਗਾਉਂਦੇ ਸੀ। ਫਿਰ ਉਸਨੇ ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ ਦੇ ਵਿਗਿਆਨੀਆਂ ਨਾਲ ਸਲਾਹ ਮਸ਼ਵਰਾ ਕੀਤਾ ਅਤੇ ਵਿਗਿਆਨਕ ਪਹਿਲੂ ਸਮਝੇ। ਇਸ ਉਪਰੰਤ ਉਸਨੇ ਇਸ ਦੀ ਟ੍ਰੇਨਿੰਗ ਕੇ.ਵੀ.ਕੇ. ਮਾਨਸਾ ਤੋਂ ਪ੍ਰਾਪਤ ਕੀਤੀ।

ਸਿੱਧੀ ਬਿਜਾਈ ਤਕਨੀਕ ਅਪਣਾਉਣ ਦਾ ਮੁਖ ਉਦੇਸ਼ ਖੇਤੀ ਖਰਚੇ ਵਿੱਚ ਕਟੌਤੀ, ਪਨੀਰੀ ਪੁੱਟ ਕੇ ਲਾਉਣ ਅਤੇ ਕੱਦੂ ਕਰਨ ਦਾ ਖਰਚਾ ਬਚਾਉਣਾ, ਲੇਬਰ ਤੇ ਨਿਰਭਰਤਾ ਖ਼ਤਮ ਕਰਨਾ, ਝੋਨੇ ਦੇ ਸੀਜ਼ਨ ਦੌਰਾਨ ਪ੍ਰਵਾਸੀ ਮਜ਼ਦੂਰਾਂ (ਲੇਬਰ) ਦੀ ਕਿੱਲਤ ਅਤੇ ਮਹਿੰਗੀ ਮਜ਼ਦੂਰੀ ਤੋਂ ਨਿਜਾਤ ਪਾਉਣਾ, ਧਰਤੀ ਹੇਠਲੇ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਬਚਾਉਣ ਲਈ ਪਾਣੀ ਦੀ ਖਪਤ ਘਟਾਉਣਾ ਆਦਿ। ਕੁਲਦੀਪ ਸਿੰਘ ਦੇ ਤਜਰਬੇ ਅਨੁਸਾਰ ਰਵਾਇਤੀ ਝੋਨੇ ਦੇ ਮੁਕਾਬਲੇ ਸਿੱਧੀ ਬਿਜਾਈ ਵਿੱਚ ਸਪਰੇਆਂ ਦੀ ਲੋੜ ਘੱਟ ਪੈਂਦੀ ਹੈ।

ਕੁਲਦੀਪ ਸਿੰਘ ਪਿਛਲੇ 10 ਸਾਲਾਂ ਤੋਂ ਲਗਾਤਾਰ ਸਫ਼ਲਤਾ ਪੂਰਵਕ ਝੋਨੇ ਦੀ ਸਿੱਧੀ ਬਿਜਾਈ ਕਰ ਰਹੇ ਹਨ। ਉਹ ਆਪਣੇ ਖੇਤਾਂ ਵਿੱਚ ਪ੍ਰਤੀ ਏਕੜ 6-8 ਕਿਲੋ ਬੀਜ ਦੀ ਵਰਤੋਂ ਕਰਦੇ ਹਨ। ਇਸ ਸਾਲ ਕੁਲਦੀਪ ਸਿੰਘ ਜੀ ਨੇ ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ ਦੇ ਸਹਿਯੋਗ ਨਾਲ ਲੱਕੀ ਸੀਡ ਡਰਿੱਲ ਮਸ਼ੀਨ ਨਾਲ ਝੋਨੇ ਦੀ ਸਿੱਧੀ ਬਿਜਾਈ ਕੀਤੀ।

**ਕਿਸਾਨਾਂ ਦੇ ਨਾਂ ਸੰਦੇਸ਼** : ਕੁਲਦੀਪ ਸਿੰਘ ਦੇ ਅਨੁਸਾਰ ਤਕਨੀਕੀ ਗਿਆਨ ਅਤੇ ਲਗਾਤਾਰ ਨਿਰੀਖਣ ਹਰ ਕਿੱਤੇ ਦੀ ਕਾਮਯਾਬੀ ਦਾ ਧੁਰਾ ਹਨ। ਆਪਣੇ ਲੰਬੇ ਤਜ਼ਰਬੇ ਦੇ ਆਧਾਰ ਤੇ ਕੁਲਦੀਪ ਸਿੰਘ ਦੂਜੇ ਕਿਸਾਨ ਭਰਾਵਾਂ ਨੂੰ ਇਹੀ ਸੁਨੇਹਾ ਦਿੰਦੇ ਹਨ ਆਉਣ ਵਾਲੀਆਂ ਨਸਲਾਂ ਲਈ ਪਾਣੀ ਬਚਾਓ ਅਤੇ ਸਿੱਧੀ ਬਿਜਾਈ ਅਪਣਾ ਕੇ ਖੇਤੀ ਦਾ ਖਰਚਾ ਘਟਾਓ। ਇਸ ਤਕਨੀਕ ਦੀ ਵਰਤੋਂ ਨਾਲ ਲੇਬਰ ਦੀ ਬੱਚਤ ਅਤੇ ਆਧੁਨਿਕ ਤਕਨੀਕ ਖੇਤੀ ਖਰਚੇ ਘਟਾਉਣ ਵਿੱਚ ਸਾਰਥਿਕ ਸਿੱਧ ਹੋਵੇਗੀ। ਆਉਣ ਵਾਲੇ ਸਾਲਾਂ ਵਿੱਚ ਇਸ ਤਕਨੀਕ ਹਿੱਤ ਪੰਜਾਬ ਵਿੱਚ ਰਕਬੇ ਦਾ ਚੋਖਾ ਵਾਧਾ ਹੋਵੇਗਾ ਜੋ ਕਿ ਖੇਤੀਬਾੜੀ ਵਿੱਚ ਵੱਡਮੁੱਲਾ ਯੋਗਦਾਨ ਪਵੇਗਾ।

**ਅਲੋਕ ਗੁਪਤਾ ਅਤੇ ਅਜੈ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ** (ਮੋ. 97799-15121)

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069



ਭਗਤੀ ਲਹਿਰ ਦੇ ਮੋਢੀ
ਸਤਿਗੁਰੂ ਕਬੀਰ ਮਹਾਰਾਜ
ਨੂੰ ਉਨ੍ਹਾਂ ਦੇ
628ਵੇਂ ਪ੍ਰਕਾਸ਼ ਉਤਸਵ
ਮੌਕੇ
ਪੰਜਾਬ ਸਰਕਾਰ
ਮੁੱਖ ਮੰਤਰੀ
ਸ. ਭਗਵੰਤ ਸਿੰਘ ਮਾਨ
ਦੀ ਅਗਵਾਈ ਹੇਠ
ਸ਼ਰਧਾਪੂਰਵਕ ਸਤਿਕਾਰ ਭੇਟ ਕਰਦੀ ਹੈ।
ਰਾਜ ਪੱਧਰੀ ਸਮਾਗਮ
29 ਜੂਨ, 2026 | ਸ਼ਾਮ 7:00 ਤੋਂ ਰਾਤ 10:00 ਵਜੇ ਤੱਕ
ਸਤਿਗੁਰੂ ਕਬੀਰ ਮੁੱਖ ਮੰਦਿਰ
ਭਾਰਗਵ ਨਗਰ, ਜਲੰਧਰ



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ
ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 27
ਮਿਤੀ 04-07-2026

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**


# ਪਾਣੀ ਦੀ ਸਾਂਭ-ਸੰਭਾਲ ਲਈ ਸੁਹਿਰਦ ਯਤਨਾਂ ਦੀ ਲੋੜ


ਮਾਸਟਰ ਲਖਵਿੰਦਰ ਸਿੰਘ ਰਈਆ ਹਵੇਲੀਆਣਾ
ਸਿਡਨੀ, ਆਸਟ੍ਰੇਲੀਆ (ਮੋਬਾਇਲ 98764-74858)


**ਉੱਤਰ ਪ੍ਰਦੇਸ਼ ਦੇ ਜੰਮਪਲ ਰਾਜਿੰਦਰ ਸਿੰਘ ਨੇ ਐਨਜੀਓ ਸੰਸਥਾ ਦੇ ਸਹਿਯੋਗ ਨਾਲ ਰਾਜਸਥਾਨ ਦੇ ਇਲਾਕੇ ਵਿੱਚ 14,000 ਤੋਂ ਵੱਧ ਜਲ ਸੰਭਾਲ ਢਾਂਚੇ ਬਣਵਾਏ ਹੋਏ ਹਨ। ਨਾਲ ਦੀ ਨਾਲ ਉਨ੍ਹਾਂ ਨੇ ਆਪਣੇ ਭਾਈਚਾਰਕ ਯਤਨਾਂ ਨਾਲ ਰਾਜਸਥਾਨ ਦੀਆਂ ਕਈ ਸੁੱਕੀਆਂ ਨਦੀਆਂ (ਜਿਵੇਂ ਅਰਵਾਰੀ, ਰੂਪਾਰੇਲ, ਸਰਸਾ) ਵਿੱਚ ਪਾਣੀ ਦਾ ਪ੍ਰਵਾਹ ਦੁਬਾਰਾ ਚਾਲੂ ਕਰਨ ਯਾਨੀ ਪੁਨਰ ਸੁਰਜੀਤੀ ਕਰਨ ਦੇ ਸੁਹਿਰਦ ਯਤਨ ਕੀਤੇ। ਫਿਰ ਉਨ੍ਹਾਂ ਨੇ ਪਿੰਡ ਵਾਸੀਆਂ ਦੀ ਮਦਦ ਨਾਲ 'ਜੋਹੜ' (ਮਿੱਟੀ ਦੇ ਛੋਟੇ ਡੈਮ) ਬਣਾਉਣ ਦੀ ਪੁਰਾਣੀ ਤਕਨੀਕ ਨੂੰ ਵੀ ਮੁੜ ਸੁਰਜੀਤ ਕੀਤਾ ਤੇ ਟੋਇਆਂ ਟੋਭਿਆਂ ਦੀ ਉਸਾਰੀ ਕਰਵਾ ਕੇ ਜਲ ਜ਼ਖ਼ੀਰਿਆਂ ਦਾ ਰੂਪ ਦਿੱਤਾ। ਸੋ ਅਜਿਹੇ ਜਲ ਭੰਡਾਰਾਂ ਵਿੱਚ ਸਟੋਰ ਹੋਇਆ ਤੇ ਨਦੀਆਂ ਨਾਲਿਆਂ ਵਿੱਚ ਵਹਿੰਦਾ ਪਾਣੀ ਸਿੱਧੇ ਰੂਪ ਵਿੱਚ ਵਰਤੋਂ ਵਿੱਚ ਆਉਣ ਲੱਗ ਪਿਆ ਹੈ, ਉਥੇ ਇਹ ਸਭ ਕੁੱਝ ਧਰਤੀ ਹੇਠਾਂ ਪਾਣੀ ਜੀਰਨ (ਰਿਚਾਰਜ) ਹੋਣ ਦੇ ਸ੍ਰੋਤ ਵੀ ਬਣਨ ਲੱਗ ਪਏ, ਜਿਸ ਨਾਲ ਸਰਵਾਈ ਵਿੱਚ ਵਾਧਾ ਹੋਣ ਨਾਲ ਹਜ਼ਾਰਾਂ ਪਿੰਡਾਂ ਦੇ ਖੇਤਰਾਂ ਵਿੱਚ ਜੰਗਲੀ-ਕਰਨ ਅਤੇ ਹਰਿਆਵਲ ਵਿੱਚ ਝੋਖਾ ਵਾਧਾ ਹੋ ਰਿਹਾ ਹੈ, ਜੋ ਗਰਮੀ ਦੀ ਅਸਿਹ ਤਪਸ਼ ਨੂੰ ਵੀ ਕੁੱਝ ਹੱਦ ਤੱਕ ਘਟਾਉਣ ਵਿੱਚ ਸਹਾਈ ਵੀ ਹੋ ਰਿਹਾ ਹੈ।**

ਪਾਣੀ ਦੇ ਖਿੱਤੇ ਵਜੋਂ ਜਾਣਿਆ ਜਾਂਦਾ ਪੰਜਾਬ ਖੁਦ ਪਾਣੀ ਖੁਣੋਂ ਸੱਖਣਾ ਹੁੰਦਾ ਜਾ ਰਿਹਾ ਹੈ। ਜਿਸ ਦਾ ਵੱਡਾ ਕਾਰਨ ਜਿੱਥੇ ਪਾਣੀ ਪ੍ਰਤੀ ਸਾਡਾ ਅਵੇਸਲਾਪਣ ਅਤੇ ਲਾਪ੍ਰਵਾਹੀ ਭਰੀ ਵਰਤੋਂ ਯਾਨੀ ਬੇਲੋੜੀ ਦੁਰਵਰਤੋਂ ਹੈ। ਉਥੇ ਹੱਦੋਂ ਵੱਧ ਲਾਲਚ ਵੱਸ ਪਾਣੀ ਦਾ ਖੌਅ ਬਣੇ ਬਹੁਤ ਸਾਰੇ ਗੈਰ ਜ਼ਰੂਰੀ ਪਦਾਰਥਾਂ ਦੇ ਨਿਰਮਾਣ ਵੀ ਹਨ। ਜਿਨ੍ਹਾਂ ਦੀ ਪੂਰਤੀ ਲਈ ਧਰਤੀ ਹੇਠਲੇ ਪਾਣੀ ਨੂੰ ਬੇਰਹਿਮੀ ਤੇ ਬੇਦਰਦੀ ਭਰੇ ਵਤੀਰੇ ਨਾਲ ਪਾਣੀ ਖਿੱਚ ਕੇ ਪਤਾਲਾਂ ਤੱਕ ਡੂੰਘਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਘਰ ਬਾਹਰ ਅਤੇ ਜਨਤਕ ਥਾਵਾਂ 'ਤੇ ਬੇਲੋੜੀਆਂ ਆਪ-ਮੁਹਾਰੇ ਚਲਦੀਆਂ ਰਹਿੰਦੀਆਂ ਟੁੱਟੀਆਂ ਵੀ ਅੰਨ੍ਹੇਵਾਹ ਪਾਣੀ ਰੁੜ੍ਹਨ ਦਾ ਸਬੱਬ ਬਣੀਆਂ ਹੋਈਆਂ ਹਨ। ਇਸ ਸਭ ਕਾਸੇ ਕਰ ਕੇ ਹੀ ਪੰਜਾਬ ਦਾ ਬਹੁਤ ਸਾਰਾ ਇਲਾਕਾ ਪਾਣੀ ਖੁਣੋਂ 'ਡਾਰਕ ਜ਼ੋਨ' ਦੀ ਮਾਰ ਹੇਠ ਆਉਣ ਦੇ ਗ੍ਰਾਫ ਵਿੱਚ ਦਿਨੋਂ-ਦਿਨ ਵਾਧਾ ਹੋ ਰਿਹਾ ਹੈ। ਇਸ ਤੋਂ ਵੀ ਵੱਧ ਸਿਤੱਮ-ਜ਼ਰੀਫ਼ੀ ਵਾਲੀ ਗੱਲ ਇਹ ਵੀ ਹੈ ਕਿ ਮੀਂਹ ਦੇ ਪਾਣੀ ਨੂੰ ਵੀ ਸੰਭਾਲਣ ਦੇ ਖ਼ਾਸ ਪੁਖਤਾ ਪ੍ਰਬੰਧ ਨਾ ਹੋਣ ਕਰ ਕੇ ਇਹ ਬਰਸਾਤੀ ਪਾਣੀ ਧਰਤੀ ਹੇਠ ਜੀਵਨ (ਰੀਚਾਰਜ) ਹੋਣ ਦੀ ਥਾਂ ਬਹੁਤ ਅਜਾਈਂ ਹੀ ਰੁੜ੍ਹੀ ਜਾਂਦੀ ਹੈ। ਵੱਡੀ ਮਾਤਰਾ ਵਿੱਚ ਰੁੜ੍ਹਦਾ ਪਾਣੀ ਹੜ੍ਹਾਂ ਦਾ ਪ੍ਰਕੋਪ ਦਾ ਕਾਰਨ ਵੀ ਬਣਦਾ ਆ ਰਿਹਾ ਹੈ, ਜਿਸ ਲਈ ਅਜਿਹੇ ਰੁੜ੍ਹਦੇ ਪਾਣੀ ਦੀ ਸਾਂਭ-ਸੰਭਾਲ ਲਈ ਸੁਚੱਜੇ ਪ੍ਰਬੰਧਾਂ ਦੀ ਬਹੁਤ ਲੋੜ ਹੈ। ਅਜਿਹੇ ਸੁਹਿਰਦ ਯਤਨਾਂ ਨੂੰ ਨੇਪਰੇ ਚਾੜ੍ਹਨ ਵਾਲੇ 'ਜਲਪੁਰਸ਼/ਵਾਟਰਮੈਨ ਆਫ਼ ਇੰਡੀਆ' ਡਾ. ਰਜਿੰਦਰ ਸਿੰਘ ਦੀ ਅਗਵਾਈ ਹੇਠ 'ਤਰੁਣ ਭਾਰਤ ਸੰਘ' ਨਾਂ ਦੀ ਐਨ.ਜੀ.ਓ. ਵੱਲੋਂ ਪਾਣੀ ਦੀ ਸਾਂਭ-ਸੰਭਾਲ ਦੇ ਕੀਤੇ ਗਏ ਸਫ਼ਲ ਤਜ਼ਰਬੇ ਤੋਂ ਵੀ ਸਿੱਖਣਾ ਚਾਹੀਦਾ ਹੈ। ਸੋ ਇਸ 'ਜਲਪੁਰਸ਼' ਵਲੋਂ ਪਾਣੀ ਸੰਭਾਲ ਲਈ ਕੀਤੀਆਂ ਗਈਆਂ ਅਨੋਖੀਆਂ ਸੇਵਾਵਾਂ ਸਕਦਾ ਹੀ ਰਾਜਸਥਾਨ (ਅਲਵਰ ਤੇ ਜੈਸਲਮੇਲ) ਖੇਤਰਾਂ ਦੇ ਬਹੁਤ ਸਾਰੇ ਪਿੰਡ ਦੇ ਲੋਕ ਮੀਹਾਂ ਦੇ ਸੰਭਾਲੇ ਜਾ ਰਹੇ ਇਸ ਪਾਣੀ ਨਾਲ ਆਪਣੀਆਂ ਰੋਜ਼ਮਰ੍ਹਾ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਲਾਹਾ ਲੈ ਰਹੇ ਹਨ।

ਪਾਣੀ ਸਾਂਭ-ਸੰਭਾਲ ਦਾ ਇਹ ਸੁਚੱਜਾ ਪ੍ਰਬੰਧਨ ਕੀ ਹੈ, ਬਾਰੇ ਜਾਣਨ ਦੀ ਕੋਸ਼ਿਸ਼ ਕਰਦੇ ਹਾਂ। ਉੱਤਰ ਪ੍ਰਦੇਸ਼ ਦੇ ਜੰਮਪਲ ਰਾਜਿੰਦਰ ਸਿੰਘ ਨੇ ਐਨਜੀਓ ਸੰਸਥਾ ਦੇ ਸਹਿਯੋਗ ਨਾਲ ਰਾਜਸਥਾਨ ਦੇ ਇਲਾਕੇ ਵਿੱਚ 14,000 ਤੋਂ ਵੱਧ ਜਲ ਸੰਭਾਲ ਢਾਂਚੇ ਬਣਵਾਏ ਗਏ ਹਨ। ਨਾਲ ਦੀ ਨਾਲ ਉਨ੍ਹਾਂ ਨੇ ਆਪਣੇ ਭਾਈਚਾਰਕ ਯਤਨਾਂ ਨਾਲ ਰਾਜਸਥਾਨ ਦੀਆਂ ਕਈ ਸੁੱਕੀਆਂ ਨਦੀਆਂ (ਜਿਵੇਂ ਅਰਵਾਰੀ, ਰੂਪਾਰੇਲ, ਸਰਸਾ) ਵਿੱਚ ਪਾਣੀ ਦਾ ਪ੍ਰਵਾਹ ਦੁਬਾਰਾ ਚਾਲੂ ਕਰਨ ਯਾਨੀ ਪੁਨਰ ਸੁਰਜੀਤੀ ਕਰਨ ਦੇ ਸੁਹਿਰਦ ਯਤਨ ਕੀਤੇ। ਫਿਰ ਉਨ੍ਹਾਂ ਨੇ ਪਿੰਡ ਵਾਸੀਆਂ ਦੀ ਮਦਦ ਨਾਲ 'ਜੋਹੜ' (ਮਿੱਟੀ ਦੇ ਛੋਟੇ ਡੈਮ) ਬਣਾਉਣ ਦੀ ਪ੍ਰਣਾਲੀ ਤਕਨੀਕ ਨੂੰ ਮੁੜ ਸੁਰਜੀਤ ਕੀਤਾ ਤੇ ਟੋਇਆਂ ਟੋਭਿਆਂ ਦੀ ਉਸਾਰੀ ਕਰਵਾ ਕੇ ਜਲ ਜ਼ਖ਼ੀਰਿਆਂ ਦਾ ਰੂਪ ਦਿੱਤਾ। ਸੋ ਅਜਿਹੇ ਜਲ ਭੰਡਾਰਾਂ ਵਿੱਚ ਸਟੋਰ ਹੋਇਆ ਤੇ ਨਦੀਆਂ ਨਾਲਿਆਂ ਵਿੱਚ ਵਹਿੰਦਾ ਪਾਣੀ ਸਿੱਧੇ ਰੂਪ ਵਿੱਚ ਵਰਤੋਂ ਵਿੱਚ ਆਉਣ ਲੱਗ ਪਿਆ ਹੈ, ਉਥੇ ਇਹ ਸਭ ਕੁੱਝ ਧਰਤੀ



ਹੇਠਾਂ ਪਾਣੀ ਜੀਰਨ (ਰਿਚਾਰਜ) ਹੋਣ ਦੇ ਸ੍ਰੋਤ ਵੀ ਬਣਨ ਲੱਗ ਪਏ, ਜਿਸ ਨਾਲ ਸਰਵਾਈ ਵਿੱਚ ਵਾਧਾ ਹੋਣ ਨਾਲ ਹਜ਼ਾਰਾਂ ਪਿੰਡਾਂ ਦੇ ਖੇਤਰਾਂ ਵਿੱਚ ਜੰਗਲੀ-ਕਰਨ ਅਤੇ ਹਰਿਆਵਲ ਵਿੱਚ ਝੋਖਾ ਵਾਧਾ ਹੋ ਰਿਹਾ ਹੈ, ਜੋ ਗਰਮੀ ਦੀ ਅਸਹਿ ਤਪਸ਼ ਨੂੰ ਵੀ ਕੁਝ ਹੱਦ ਤੱਕ ਘਟਾਉਣ ਵਿੱਚ ਸਹਾਈ ਹੋ ਰਿਹਾ ਹੈ।

ਕੇਂਦਰ ਸਰਕਾਰ ਵਲੋਂ ਦੇਸ਼ ਦੀ ਆਜ਼ਾਦੀ ਦੇ 75 ਸਾਲ ਪੂਰੇ ਹੋਣ 'ਤੇ ਬਰਸਾਤੀ ਪਾਣੀ ਦੀ ਸੰਭਾਲ ਲਈ ਸਾਲ 2022 ਵਿੱਚ ਪ੍ਰਧਾਨ ਮੰਤਰੀ ਨੇ 'ਅੰਮ੍ਰਿਤ ਸਰੋਵਰ' ਯੋਜਨਾ ਸ਼ੁਰੂ ਕੀਤੀ ਗਈ ਸੀ, ਜਿਸ ਨੂੰ ਪੰਜਾਬ ਸਰਕਾਰ ਨੇ 'ਸਾਂਝਾ ਜਲ ਤਾਲਾਬ' ਯੋਜਨਾ ਵਜੋਂ ਅਪਣਾ ਲਿਆ ਹੈ। ਇਸ ਯੋਜਨਾ ਅਧੀਨ ਪਾਣੀ ਦੀ ਸੰਭਾਲ ਲਈ 75 ਪ੍ਰਤੀ ਜ਼ਿਲ੍ਹਾ ਅਨੁਸਾਰ ਕਰੀਬ 1725 ਤਲਾਬ ਬਣਾਉਣ ਦਾ ਟੀਚਾ ਮਿੱਥਿਆ ਗਿਆ ਸੀ, ਜਿਸ ਦੀ ਉਸਾਰੀ ਤੇ ਨਿੰਮ, ਬਰਗਦ (ਬੋਹੜ ਨੁਮਾ ਰੁੱਖ) ਰੁੱਖ ਲਗਾਉਣ ਦਾ ਜਿੰਮਾ ਸਰਕਾਰ ਦਾ ਸੀ ਬਾਅਦ ਵਿੱਚ ਸੁੰਦਰੀਕਰਨ ਤੇ ਲੋਕਲ ਸੈਰ ਸਪਾਟੇ ਵਜੋਂ ਰੱਖ-ਰਖਾਵ ਦੀ ਜ਼ਿੰਮੇਵਾਰੀ ਸਥਾਨਕ ਸਰਕਾਰ (ਪੰਚਾਇਤ) ਦੀ ਸੀ। ਇਸ ਦੇ ਨਾਲ ਇਨ੍ਹਾਂ ਤਲਾਬਾਂ ਦਾ ਨਾਮਕਰਨ ਆਜ਼ਾਦੀ ਘੁਲਾਟੀਏ, ਸ਼ਹੀਦਾਂ ਤੇ 'ਪਦਮਸ੍ਰੀ' ਪਤਵੰਤਿਆਂ ਦੇ ਨਾਂ ਉੱਤੇ ਕਰਨ ਦੀ ਵੀ ਵਿਵਸਥਾ ਸੀ। ਇਕ ਤਲਾਬ ਘੱਟ-ਘੱਟ ਇਕ ਏਕੜ ਦੇ ਖੇਤਰਫਲ ਦਾ ਹੋਵੇ ਤੇ ਜਿਸ ਦੀ ਪਾਣੀ ਸੰਭਾਲ ਸਮਰੱਥਾ 10 ਹਜ਼ਾਰ ਕਿਊਸਕ ਹੋਵੇ, ਵਾਸਤੇ ਢੁਕਵੀਆਂ ਥਾਵਾਂ ਦੀ ਨਿਸ਼ਾਨਦੇਹੀ ਕਰ ਕੇ ਹੁਣ ਤੱਕ 1453 ਤਲਾਬਾਂ ਦੀ ਉਸਾਰੀ ਹੋਈ ਹੈ। ਭਾਵੇਂ ਮਿੱਥੇ ਗਏ ਤਲਾਬਾਂ ਦੀ ਉਸਾਰੀ 15 ਅਗਸਤ 2023 ਤੱਕ ਪੂਰੀ ਕਰਨੀ ਸੀ ਪਰ ਪਤਾ ਨਹੀਂ ਕਿਹੜੇ ਕਾਰਨਾਂ ਕਰ ਕੇ ਬਾਕੀ ਰਹਿੰਦੇ ਤਲਾਬਾਂ ਦੀ ਉਸਾਰੀ ਅਜੇ ਤਕ ਕਿਉਂ ਰੁਕੀ ਹੋਈ ਹੈ ਤੇ ਪਹਿਲੇ ਉਸਾਰੇ ਗਏ ਤਲਾਬਾਂ ਵਿੱਚੋਂ ਬਹੁਤ ਸਾਰੇ ਸਫ਼ਾਈ ਖੁਣੋਂ ਗੰਦੇ ਪਾਣੀ ਦੇ ਛੱਪੜ ਦਾ ਰੂਪ ਧਾਰਨ ਕਰ ਚੁੱਕੇ ਹਨ।

ਸੋ ਜਲ ਸੰਭਾਲ ਵਾਸਤੇ ਢੁਕਵੇਂ ਥਾਵਾਂ ਤੇ ਤਲਾਬਾਂ ਦੀ ਗਿਣਤੀ ਵਧਾਉਣੀ, ਰੁਕੀ ਹੋਈ ਉਸਾਰੀ ਨੂੰ ਮੁੜ ਚਾਲੂ ਕਰਨਾ ਅਤੇ ਬਣ ਚੁੱਕੇ ਤਲਾਬਾਂ ਦੀ ਸਾਫ਼ ਸਫਾਈ ਕਰਨੀ ਵੀ ਅਤਿ ਜ਼ਰੂਰੀ ਹੈ ਤੇ ਸਮੇਂ ਦੀ ਲੋੜ ਵੀ ਹੈ ਕਿਉਂਕਿ ਇਸ ਨਾਲ ਮੌਸਮ ਵਿਗਿਆਨੀਆਂ ਨੇ ਐਲਨੀਨੋ ਦੀ ਸਥਿਤੀ ਪੈਦਾ ਹੋਣ ਦੀ ਭਵਿੱਖਬਾਣੀ ਵੀ ਕੀਤੀ ਹੈ, ਜਿਸ ਨਾਲ ਪ੍ਰਸ਼ਾਂਤ ਮਹਾਂਸਾਗਰ ਦਾ ਪਾਣੀ ਆਮ ਨਾਲੋਂ ਵਧੇਰੇ ਗਰਮ ਹੋ ਸਕਦਾ ਹੈ। ਇਸ ਕਾਰਨ ਐਤਕੀ ਮੌਨਸੂਨ ਕਾਫ਼ੀ ਕਮਜ਼ੋਰ ਰਹਿ ਸਕਦੀ ਹੈ। ਨਤੀਜੇ ਵਜੋਂ ਆਮ ਨਾਲੋਂ ਬਰਸਾਤ ਘੱਟ ਹੋਣ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਇਸ ਲਈ ਜਿੰਨੀ ਵੀ ਬਰਸਾਤ ਹੋਵੇ ਉਸ ਦੇ ਪਾਣੀ ਨੂੰ ਵੀ ਜਿਨ੍ਹਾਂ ਹੋ ਕੇ ਵੱਧ ਤੋਂ ਵੱਧ ਸੰਭਾਲਣ ਦੇ ਯਤਨ ਹੋਣੇ ਬਹੁਤ ਹੀ ਜ਼ਰੂਰੀ ਹਨ। ਇਸ ਦੇ ਨਾਲ-ਨਾਲ ਜਿੱਥੇ ਸਾਨੂੰ ਧਰਤੀ ਹੇਠਲੇ ਅੰਮ੍ਰਿਤਮਈ ਪਾਣੀ ਦੀ ਵਰਤੋਂ ਵੀ ਬਹੁਤ ਸੰਜਮ ਤੇ ਸੂਝ ਨਾਲ ਕਰਨ ਨੂੰ ਤਰਜੀਹ ਦੇਣੀ ਹੋਵੇਗੀ, ਉਥੇ ਅਧੂਰਾ ਪਿਆ ਤਲਾਬ ਪ੍ਰੋਜੈਕਟ ਨੂੰ ਜਿਨਾ ਛੇਤੀ ਹੋ ਸਕੇ ਨੇਪਰੇ ਚਾੜਿਆ ਜਾਣਾ ਚਾਹੀਦਾ ਹੈ। ਇਸ ਸੁਹਿਰਦ ਪ੍ਰੋਜੈਕਟ ਦੇ ਬਹੁਤ ਸਾਰੇ ਫ਼ਾਇਦੇ ਹੋਣਗੇ ਹੀ ਹੋਣਗੇ ਤੇ ਬਰਸਾਤੀ ਪਾਣੀ ਨੂੰ ਅਜਾਈਂ ਰੁੜ੍ਹਨ ਤੋਂ ਰੁਕਣ ਨਾਲ ਜੀਵਨ ਸਮਰੱਥਾ ਵਧੇਗੀ, ਜਿਸ ਨਾਲ ਜ਼ਮੀਨੀ ਪਾਣੀ ਦਾ ਡਿੱਗ ਰਿਹਾ ਪੱਧਰ ਉਪਰ ਉਠੇਗਾ।

ਔੜ ਸਮੇਂ ਲੋੜ ਪੈਣ 'ਤੇ ਇਨ੍ਹਾਂ ਤਲਾਬਾਂ ਦੇ ਸੰਭਾਲੇ ਪਾਣੀ ਨਾਲ ਸਿੰਚਾਈ ਅਤੇ ਹੋਰ ਕਾਰਜਾਂ ਲਈ ਸਿੱਧੇ ਤੌਰ 'ਤੇ ਵੀ ਵਰਤਿਆ ਜਾ ਸਕੇਗਾ। ਖੁਸ਼ਕ ਤੇ ਤਪਸ਼ ਭਰੇ ਮੌਸਮ ਦੌਰਾਨ ਆਲੇ-ਦੁਆਲੇ ਦੇ ਇਲਾਕਿਆਂ ਵਿੱਚ, ਖੁਸ਼ਕੀ ਤੇ ਕੁੱਝ ਹੱਦ ਤਕ ਰਾਹਤ ਮਿਲਦੀ ਰਹੇਗੀ ਤੇ ਕੁੱਝ ਨਾ ਕੁੱਝ ਸਰਵਾਈ ਭਰੀ ਹਰਿਆਵਲ ਤੇ ਠੰਢਕ ਵੀ ਬਰਕਰਾਰ ਰਹਿਣ ਦੀ ਸੰਭਾਵਨਾ ਬਣੀ ਰਹੇਗੀ।



ਵਣ ਮਹਾਂਉਤਸਵ ਦਿਵਸ 'ਤੇ ਵਿਸ਼ੇਸ਼

# ਵਣ ਮਹਾਂਉਤਸਵ ਦਾ ਮੰਤਵ ਅਤੇ ਮਹੱਤਤਾ



ਡਾ: ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ ਪਟਿਆਲਾ
ਮੋ: 75080-18903

**ਇਹ ਤਿਉਹਾਰ ਸਾਨੂੰ ਯਾਦ ਦਿਵਾਉਂਦਾ ਹੈ ਕਿ ਦਰੱਖਤ ਸਾਰੇ ਜੀਵਤ ਜੀਆਂ ਦੀ ਜ਼ਿੰਦਗੀ ਲਈ ਅਤੀ ਜ਼ਰੂਰੀ ਹੈ ਅਤੇ ਹਰ ਇੱਕ ਵਿਅਕਤੀ ਦੀ ਦਰੱਖਤਾਂ ਨੂੰ ਸੰਭਾਲਣ ਪ੍ਰਤੀ ਜ਼ਿੰਮੇਵਾਰੀ ਬਣਦੀ ਹੈ, ਮੌਸਮ ਬਦਲਣ ਦੇ ਅਸਰ ਨੂੰ ਘੱਟ ਕਰਨ ਲਈ ਦਰੱਖਤ ਲਗਾਉਣੇ ਬਹੁਤ ਜ਼ਰੂਰੀ ਹਨ ।**

ਵਣ ਮਹਾਂਉਤਸਵ ਹਰੇਕ ਸਾਲ 1 ਜੁਲਾਈ ਤੋਂ 7 ਜੁਲਾਈ ਤੱਕ ਦਰੱਖਤ ਲਗਾ ਕੇ ਮਨਾਇਆ ਜਾਂਦਾ ਹੈ । ਇਸ ਨੂੰ ਦਰੱਖਤਾਂ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ । ਇਸ ਦੀ ਸ਼ੁਰੂਆਤ 1950 ਵਿੱਚ ਕੇਂਦਰੀ ਖੇਤੀਬਾੜੀ ਅਤੇ ਖੁਰਾਕ ਮੰਤਰੀ ਭਾਰਤ ਸਰਕਾਰ ਡਾ. ਕੇ. ਐਮ. ਮੁਨਸ਼ੀ ਨੇ ਕੀਤੀ ਸੀ ।



ਇਸ ਦਾ ਮੁੱਖ ਮਕਸਦ ਆਮ ਲੋਕਾਂ ਅਤੇ ਵਿਦਿਆਰਥੀਆਂ ਨੂੰ ਦਰੱਖਤ ਲਗਾਉਣ ਲਈ ਪ੍ਰੇਰਿਤ ਕਰਨਾ ਹੈ, ਵਾਤਾਵਰਨ ਦੀ ਰੱਖਿਆ ਕਰਨਾ ਹੈ ਅਤੇ ਟਿਕਾਊ ਵਿਕਾਸ ਕਰਨਾ ਹੈ । ਇਹ ਤਿਉਹਾਰ ਸਾਨੂੰ ਯਾਦ ਦਿਵਾਉਂਦਾ ਹੈ ਕਿ ਦਰੱਖਤ ਸਾਰੇ ਜੀਵਤ ਜੀਆਂ ਦੀ ਜ਼ਿੰਦਗੀ ਲਈ ਅਤੀ ਜ਼ਰੂਰੀ ਹੈ ਅਤੇ ਹਰ ਇੱਕ ਵਿਅਕਤੀ ਦੀ ਦਰੱਖਤਾਂ ਨੂੰ ਸੰਭਾਲਣ ਪ੍ਰਤੀ ਜ਼ਿੰਮੇਵਾਰੀ ਬਣਦੀ ਹੈ, ਮੌਸਮ ਬਦਲਣ ਦੇ ਅਸਰ ਨੂੰ ਘੱਟ ਕਰਨ ਲਈ ਦਰੱਖਤ ਲਗਾਉਣੇ ਬਹੁਤ ਜ਼ਰੂਰੀ ਹਨ ।

**ਮਹੱਤਤਾ :**

1. ਦਰੱਖਤਾਂ ਨੂੰ ਅਕਸਰ ''ਧਰਤੀ ਦੇ ਫੇਫੜੇ'' ਕਿਹਾ ਜਾਂਦਾ ਹੈ ਕਿਉਕਿ ਕਾਰਬਨ ਡਾਇਆਕਸਾਈਡ ਜਜ਼ਬ ਕਰਦੇ ਹਨ ਅਤੇ ਆਕਸੀਜਨ ਛੱਡਦੇ ਹਨ ।

2. ਇਹ ਵਾਤਾਵਰਨ ਵਿੱਚ ਬਰਾਬਰਤਾ ਬਣਾ ਕੇ ਰੱਖਦੇ ਹਨ ।

3. ਮਿੱਟੀ ਨੂੰ ਖੁਰਨ ਤੋਂ ਰੋਕਦੇ ਹਨ ਅਤੇ ਹੜ੍ਹਾਂ ਤੋਂ ਬਚਾਉਂਦੇ ਹਨ ।

4. ਪਾਣੀ ਨੂੰ ਸੰਭਾਲ ਕੇ ਰੱਖਦੇ ਹਨ ਅਤੇ ਗਰਾਊਂਡ ਵਾਟਰ ਨੂੰ ਰੀਚਾਰਜ ਕਰਦੇ ਹਨ ।

5. ਇਹ ਕਈ ਤਰ੍ਹਾਂ ਦੇ ਪੌਦਿਆਂ ਅਤੇ ਜਾਨਵਰਾਂ/ਪੰਛੀਆਂ ਲਈ ਸਹਾਰਾ ਬਣਦੇ ਹਨ ।

6. ਵਿਕਾਸ, ਅਰਬਨਾਈਜੇਸ਼ਨ ਅਤੇ ਇੰਡਸਟਰੀਲਾਈਜੇਸ਼ਨ ਕਰਕੇ ਜੰਗਲ ਕੱਟੇ ਜਾਂਦੇ ਹਨ ਜਿਸ ਕਰਕੇ ਨਵੇਂ ਦਰੱਖਤਾਂ ਦਾ ਲਗਾਉਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ ।

7. ਦਰੱਖਤ ਗ੍ਰੀਨ ਹਾਊਸ ਗੈਸਾਂ ਨੂੰ ਐਬਜ਼ੋਰਬ ਕਰਦੇ ਹਨ ਅਤੇ ਗਲੋਬਲ ਵਾਰਮਿੰਗ ਨੂੰ ਘਟਾਉਂਦੇ ਹਨ ।

8. ਇਹ ਹਵਾ ਦੀ ਕੁਆਲਟੀ ਸੁਧਾਰਦੇ ਹਨ ।

**ਸਮਾਜਿਕ ਅਤੇ ਆਰਥਿਕ ਪੱਖ ਤੋਂ ਲਾਭ :**

1. ਇਕੱਠੇ ਹੋ ਕੇ ਦਰੱਖਤ ਲਗਾਉਣ ਨਾਲ ਕਿਊਮਿਨਟੀ ਪਾਰਟੀਸੀਪੇਸ਼ਨ ਵਿੱਚ ਵਾਧਾ ਹੁੰਦਾ ਹੈ ।

2. ਇਸ ਨਾਲ ਬੱਚਿਆਂ ਵਿੱਚ ਵਾਤਾਵਰਨ ਪ੍ਰਤੀ ਜਾਗਰਿਕਤਾ ਪੈਦਾ ਹੁੰਦੀ ਹੈ ।

3. ਦਰੱਖਤ ਸਾਨੂੰ ਫਲ, ਫੁਲ, ਲੱਕੜ, ਦਵਾਈਆਂ, ਬਾਲਣ ਅਤੇ ਹੋਰ ਕਈ ਪਦਾਰਥ ਮਹੱਈਆ ਕਰਦੇ ਹਨ ।

4. ਆਲਾ ਦੁਆਲਾ ਹਰਿਆਲੀ ਵਾਲਾ ਰਹਿਣ ਕਰਕੇ ਲੋਕਾਂ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ, ਸਟਰੈਸ (stress) ਘਟਦੀ ਹੈ, ਪਿੰਡਾਂ ਅਤੇ ਸ਼ਹਿਰਾਂ ਦੀ ਸੁੰਦਰਤਾ ਵਿੱਚ ਵਾਧਾ ਹੁੰਦਾ ਹੈ ।

5. ਜੰਗਲ ਮੀਂਹ ਪਵਾਉਣ ਵਿੱਚ ਵੀ ਸਹਾਈ ਹੁੰਦੇ ਹਨ ਜਿਸ ਕਰਕੇ ਖੇਤੀਬਾੜੀ ਦੀ ਉਪਜ ਵਿੱਚ ਵਾਧਾ ਹੁੰਦਾ ਹੈ ਅਤੇ ਕਿਸਾਨਾਂ ਨੂੰ ਆਰਥਿਕ ਤੌਰ ਤੇ ਲਾਭ ਹੁੰਦਾ ਹੈ ।

**ਕਿਹੜੀਆਂ ਸੰਸਥਾਵਾਂ ਮਨਾਉਂਦੀਆਂ ਹਨ**

ਵਣ ਮਹਾਂਉਤਸਵ ਨੂੰ ਸਕੂਲਾਂ, ਕਾਲਜਾਂ, ਸਰਕਾਰੀ ਅਦਾਰੇ, ਐਨ. ਜੀ. ਓ. ਅਤੇ ਲੋਕਲ ਸੰਸਥਾਵਾਂ ਵੱਲੋਂ ਸੈਮੀਨਰ, ਰੈਲੀਆਂ, ਪੋਸਟਰ ਮੇਕਿੰਗ ਕੰਪੀਟੀਸ਼ਨ, ਡੀਬੇਟਸ ਅਤੇ ਜਾਗਰੂਕਤਾ ਮੁਹਿੰਮਾਂ ਰਾਹੀਂ ਲੋਕਾਂ ਨੂੰ ਵਾਤਾਵਰਨ ਪ੍ਰਤੀ ਪ੍ਰੇਰਿਤ ਕਰਕੇ ਮਨਾਇਆ ਜਾਂਦਾ ਹੈ ।

**ਰਕਬੇ ਸੰਬੰਧੀ ਜਾਣਕਾਰੀ**

ਸਾਰੇ ਭਾਰਤ ਵਿੱਚ 715343 ਵਰਗ ਕਿਲੋਮੀਟਰ ਜੰਗਲਾਤ ਹੇਠ ਰਕਬਾ ਹੈ, ਜੋ ਕਿ ਜਿਓਗਰਾਫੀਕਲ ਰਕਬੇ ਦਾ 21.76% ਬਣਦਾ ਹੈ, ਪਰ ਕਾਨੂੰਨੀ ਤੌਰ 'ਤੇ ਟੀਚੇ ਅਨੁਸਾਰ 33% ਹੋਣਾ ਚਾਹੀਦਾ ਹੈ । ਪੰਜਾਬ ਵਿੱਚ ਸਿਰਫ਼ 1846.09 ਵਰਗ ਕਿਲੋਮੀਟਰ ਰਕਬੇ ਵਿੱਚ ਜੰਗਲਾਂ ਹੇਠ ਰਕਬਾ ਹੈ, ਜੋ ਕਿ ਪੰਜਾਬ ਦੇ 50362 ਵਰਗ ਕਿਲੋਮੀਟਰ ਦਾ 3.67% ਬਣਦਾ ਹੈ । ਪਰ ਇਹ ਰਕਬਾ ਵੀ 33% ਹੋਣਾ ਚਾਹੀਦਾ ਹੈ, ਜੋ ਕਿ ਬਹੁਤ ਘੱਟ ਹੈ । ਸੱਚੀ ਇਮਾਨਦਾਰੀ ਅਤੇ ਲਗਨ ਨਾਲ ਇਸ ਰਕਬੇ ਨੂੰ ਵਧਾਉਣਾ ਚਾਹੀਦਾ ਹੈ ।

**ਚੈਲੇਂਜ**

ਹਰੇਕ ਸਾਲ ਲੱਖਾਂ ਬੂਟੇ ਲਗਾਏ ਜਾਂਦੇ ਹਨ, ਪਰ ਕਈ ਕਾਰਨਾਂ ਕਰਕੇ ਕਾਮਯਾਬ ਨਹੀਂ ਹੋ ਰਹੇ ਜਿਵੇਂ ਬੂਟੇ ਲਗਾਉਣ ਤੋਂ ਬਾਅਦ ਦੇਖਭਾਲ ਨਹੀਂ ਕੀਤੀ ਜਾਂਦੀ, ਪਾਣੀ ਨਹੀਂ ਦਿੱਤਾ ਜਾਂਦਾ, ਡੰਗਰ ਬੂਟਿਆਂ ਨੂੰ ਖਾ ਜਾਂਦੇ ਹਨ, ਸਿਉਂਕ ਦਾ ਹਮਲਾ ਹੋ ਜਾਂਦਾ ਹੈ, ਬੂਟਿਆਂ ਨੂੰ ਜੰਗਲੀ ਵੇਲਾਂ ਦਬਾ ਲੈਂਦੀਆਂ ਹਨ ਅਤੇ ਇਲਾਕੇ ਦੇ ਹਿਸਾਬ ਨਾਲ ਵਿਰਾਸਤੀ ਦਰੱਖਤ ਨਹੀਂ ਲਗਾਏ ਜਾਂਦੇ ।

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 I 9216103075 I 9216103069

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਨ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/- ਰੁਪਏ
ਡਾਕ ਰਾਹੀਂ ਪ੍ਰਾਪਤ ਕਰਨ ਲਈ
ਇੱਕ ਸਾਲ 500/- ਰੁਪਏ
ਦੋ ਸਾਲ 800/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575



# ਗਰਮੀਆਂ ਦੀਆਂ ਖੁੰਬਾਂ ਦੀ ਕਾਸ਼ਤ ਲਈ ਜ਼ਰੂਰੀ ਨੁਕਤੇ

ਪੰਜਾਬ ਵਿਚ ਗਰਮ ਮੌਸਮ ਦੌਰਾਨ ਮਿਲਕੀ ਅਤੇ ਪਰਾਲੀ ਖੁੰਬ ਦੀ ਕਾਸ਼ਤ ਕੀਤੀ ਜਾਂਦੀ ਹੈ। ਇਹ ਦੋਨੋਂ ਖੁੰਬਾਂ 28-45°C ਤੱਕ ਦਾ ਤਾਪਮਾਨ ਝੱਲ ਸਕਦੀਆਂ ਹਨ ਜਿਸ ਕਾਰਨ ਇਹਨਾਂ ਨੂੰ ਉਗਾਉਣ ਲਈ ਕਿਸੇ ਏ ਸੀ ਜਾਂ ਏ. ਐੱਚ. ਯੂ. ਦੀ ਜ਼ਰੂਰਤ ਨਹੀਂ ਹੁੰਦੀ। ਮਿਲਕੀ ਅਤੇ ਪਰਾਲੀ ਖੁੰਬ ਦੀ ਕਾਸ਼ਤ ਕ੍ਰਮਵਾਰ ਤੂੜੀ ਅਤੇ ਪਰਾਲੀ 'ਤੇ ਕੀਤੀ ਜਾਂਦੀ ਹੈ। ਗਰਮੀ ਦੇ ਮੌਸਮ ਵਿਚ ਖੁੰਬਾਂ ਦੀ ਕਾਸ਼ਤ ਦੇ ਦੌਰਾਨ ਕੁਝ ਖਾਸ ਗੱਲਾਂ ਦਾ ਧਿਆਨ ਰੱਖੋ :

★ ਖੁੰਬਾਂ ਲਈ ਵਰਤੀ ਜਾਣ ਵਾਲੀ ਤੂੜੀ/ਪਰਾਲੀ ਬਿਲਕੁਲ ਸਾਫ ਹੋਵੇ, ਪਹਿਲਾਂ ਤੋਂ ਗਲ੍ਹੀ ਹੋਈ ਤੂੜੀ/ਪਰਾਲੀ ਦੀ ਵਰਤੋਂ ਨਾ ਕਰੋ।

★ ਮਿਲਕੀ ਖੁੰਬ ਦੀ ਕਾਸ਼ਤ ਲਈ ਤੂੜੀ ਨੂੰ ਸਾਫ ਉਬਲਦੇ ਪਾਣੀ ਵਿਚ ਉਬਾਲੋ।

★ ਪਰਾਲੀ ਖੁੰਬ ਦੀ ਕਾਸ਼ਤ ਲਈ, ਪਰਾਲੀ ਦੇ ਪੂਲਿਆਂ ਨੂੰ ਸਾਫ ਪਾਣੀ



ਵਿਚ ਭਿਉਂ ਦਿਓ।

★ ਖੁੰਬ ਦੇ ਬੀਜ (ਸਪਾਨ) ਦਾ ਰੰਗ ਬਿਲਕੁਲ ਚਿੱਟਾ ਹੁੰਦਾ ਹੈ, ਇਸ ਵਿਚ ਕਿਸੇ ਹੋਰ ਰੰਗ ਦੀ ਉੱਲੀ ਨਹੀਂ ਹੋਣੀ ਚਾਹੀਦੀ।

★ ਖੁੰਬ ਘਰ ਸਾਫ ਅਤੇ ਹਵਾਦਾਰ ਹੋਣਾ ਚਾਹੀਦਾ ਹੈ।

★ ਖੁੰਬਾਂ ਦੀ ਬਿਜਾਈ ਤੋਂ ਪਹਿਲਾਂ ਖੁੰਬ ਘਰ ਨੂੰ 4% ਫਾਰਮਲਿਨ ਦੇ ਘੋਲ ਨਾਲ ਸੋਧ ਲਵੋ।

★ ਮਿਲਕੀ ਖੁੰਬ ਦੀ ਕਾਸ਼ਤ ਲਈ ਤੂੜੀ ਵਿਚ 65-70% ਨਮੀਂ ਹੋਣੀ ਚਾਹੀਦੀ ਹੈ। ਇਸਦੀ ਜਾਂਚ ਲਈ ਤੂੜੀ ਨੂੰ ਮੁੱਠੀ ਵਿਚ ਘੁੱਟ ਦੇਖੋ, ਜੇਕਰ ਮੁੱਠੀ ਵਿੱਚੋਂ ਪਾਣੀ ਨਾ ਰਿਸਦਾ ਹੋਵੇ ਪਰ ਹੱਥ ਨੂੰ ਗਿੱਲੀ ਲੱਗੇ ਤਾਂ ਤੂੜੀ ਵਿਚ ਨਮੀਂ ਦੀ ਮਾਤਰਾ ਠੀਕ ਹੈ।

★ ਸਫਲ ਖੁੰਬਾਂ ਦੀ ਕਾਸ਼ਤ ਲਈ ਤਾਪਮਾਨ ਦਾ ਬਹੁਤ ਮਹੱਤਵਪੂਰਨ ਯੋਗਦਾਨ ਹੈ, ਮਿਲਕੀ ਖੁੰਬ ਲਈ 28-35°C ਅਤੇ ਪਰਾਲੀ ਖੁੰਬ ਲਈ 28-45 °C ਤਾਪਮਾਨ ਸਹੀ ਰਹਿੰਦਾ ਹੈ।

★ ਫਸਲ ਆਉਣ ਵੇਲੇ ਖੁੰਬ ਘਰ ਵਿਚ 85-90% ਨਮੀਂ ਹੋਣੀ ਜ਼ਰੂਰੀ ਹੈ। ਅੱਜ ਕੱਲ, ਪੰਜਾਬ ਵਿਚ ਨਮੀਂ ਬਹੁਤ ਘੱਟ ਹੈ, ਜਿਸ ਕਾਰਨ ਖੁੰਬਾਂ ਦਾ ਫੱਟਣਾ ਪ੍ਰਭਾਵਿਤ/ਘੱਟ ਹੋ ਜਾਂਦਾ ਹੈ, ਇਸ ਨੂੰ ਠੀਕ ਕਰਨ ਲਈ ਖੁੰਬ ਘਰ ਵਿਚ ਗਿੱਲੀਆਂ ਜੂਟ ਦੀਆਂ ਬੋਰੀਆਂ ਟੰਗ ਕੇ, ਫਰਸ਼ 'ਤੇ ਪਾਣੀ ਸੁੱਟ ਕੇ ਜਾਂ ਹੂਮੀਡੀਫਾਇਰ ਲਗਾ ਕੇ ਨਮੀਂ ਬਣਾਈ ਜਾ ਸਕਦੀ ਹੈ।

★ ਮਿਲਕੀ ਖੁੰਬ ਲਈ ਕੇਸਿੰਗ ਮਿੱਟੀ ਦੀ ਜਰੂਰਤ ਹੁੰਦੀ ਹੈ। ਇਸ ਦੀ ਪਾਣੀ ਸੋਖਣ ਦੀ ਸਮਰੱਥਾ ਜ਼ਿਆਦਾ ਹੋਣੀ ਚਾਹੀਦੀ ਹੈ, ਸੋ ਕੇਸਿੰਗ ਮਿੱਟੀ ਦੀ ਬਣਤਰ (4 ਹਿੱਸੇ 2 ਸਾਲ ਪੁਰਾਣੀ ਰੂੜੀ ਅਤੇ 1 ਹਿੱਸਾ ਰੇਤਲੀ ਮਿੱਟੀ ਜਾਂ 1 ਹਿੱਸਾ ਕੋਕੋਪਿਟ, 2 ਹਿੱਸੇ ਪੁਰਾਣੀ ਰੂੜੀ ਅਤੇ 1 ਹਿੱਸਾ ਰੇਤਲੀ ਮਿੱਟੀ ਦਾ ਮਿਸ਼ਰਣ) ਅਤੇ 4% ਫਾਰਮਲਿਨ ਦੇ ਘੋਲ ਨਾਲ ਸੁਧਾਈ ਦਾ ਵਿਸ਼ੇਸ਼ ਧਿਆਨ ਰੱਖਣ ਨਾਲ ਫਸਲ ਵਧੀਆ ਮਿਲਦੀ ਹੈ।

★ ਫਸਲ ਦੀ ਸੰਭਾਲ ਅਤੇ ਤੁੜਾਈ ਸਮੇਂ, ਕਮਰੇ ਅਤੇ ਕਾਮਿਆਂ ਦੀ ਆਪਣੀ ਸਫਾਈ ਦਾ ਧਿਆਨ ਰੱਖੋ।

★ ਤੁੜਾਈ ਤੋਂ ਬਾਅਦ, ਖੁੰਬਾਂ ਨੂੰ ਧੋਣ ਤੋਂ ਗੁਰੇਜ ਕਰਨਾ ਚਾਹੀਦਾ ਹੈ, ਧੋਣ ਨਾਲ ਖੁੰਬ ਖਰਾਬ ਹੋਣ ਦਾ ਖਦਸ਼ਾ ਵੱਧ ਜਾਂਦਾ ਹੈ।

★ ਖੁੰਬ ਕਾਸ਼ਤ ਦੌਰਾਨ ਕਿਸੇ ਹੋਰ ਤਰ੍ਹਾਂ ਦੀ ਉੱਲੀ ਜਾਂ ਬਿਮਾਰੀ ਆਉਣ 'ਤੇ, ਬਿਮਾਰੀ ਵਾਲੇ ਹਿੱਸੇ ਨੂੰ ਬਾਕੀ ਫਸਲ ਤੋਂ ਅਲੱਗ ਕਰਕੇ ਖੁੰਬ ਘਰ ਤੋ ਦੂਰ ਸੁੱਟ ਦਿਓ ਅਤੇ ਖੁੰਬ ਮਾਹਿਰਾਂ ਦੀ ਸਲਾਹ ਲਵੋ।

**ਸ਼ਿਵਾਨੀ ਸ਼ਰਮਾ ਅਤੇ ਜਸਪ੍ਰੀਤ ਕੌਰ, ਸੂਖਮਜੀਵ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ. 88728-63025)

## ਅਜੋਕੇ ਸਮੇਂ ਦੀ

# ਘਰੇਲੂ ਬਗੀਚੀ

**ਘਰੇਲੂ ਬਗੀਚੀ ਨੂੰ ਬਨਾਉਣ ਲਈ ਕੁਝ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ :**

1. ਘਰੇਲੂ ਬਗੀਚੀ ਨੂੰ ਅਜਿਹੀ ਜਗ੍ਹਾ ਵਿਚ ਬਣਾਉ। ਜਿੱਥੇ ਘੱਟੋ ਘੱਟ 6 ਘੰਟੇ ਸੂਰਜ ਦੀ ਰੌਸ਼ਨੀ ਹੋਵੇ ਤਾਂ ਜੋ ਬੂਟੇ ਆਪਣਾ ਭੋਜਨ ਸਹੀ ਤਰ੍ਹਾਂ ਲੈ ਸਕਣ ਅਤੇ ਵਧੀਆ ਪੈਦਾਵਾਰ ਹੋ ਸਕੇ। ਛਾਂ ਵਿਚ ਸਬਜ਼ੀਆਂ ਦੀ ਪੈਦਾਵਾਰ ਤੇ ਮਾੜਾ ਅਸਰ ਪੈਂਦਾ ਹੈ। ਇਸ ਲਈ ਕੋਸ਼ਿਸ਼ ਕਰੋ ਕਿ ਘਰੇਲੂ ਬਗੀਚੀ ਪੂਰਬ ਜਾਂ ਦੱਖਣ ਵਾਲੇ ਪਾਸੇ ਹੋਵੇ।
2. ਘਰੇਲੂ ਬਗੀਚੀ ਵਿਚ ਪਾਣੀ ਦਾ ਢੁੱਕਵਾਂ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਆਵਾਰਾ ਪਸ਼ੂਆਂ ਦੀ ਪਹੁੰਚ ਤੋਂ ਬਾਹਰ ਹੋਣੀ ਚਾਹੀਦੀ ਹੈ ਤਾਂ ਜੋ ਉਹ ਸਾਡੀ ਸਬਜ਼ੀ ਦਾ ਨੁਕਸਾਨ ਨਾ ਕਰ ਸਕਣ।
3. ਘਰੇਲੂ ਬਗੀਚੀ ਦੀ ਜ਼ਮੀਨ ਉਪਜਾਊ ਅਤੇ ਪੱਧਰੀ ਹੋਣੀ ਚਾਹੀਦੀ ਹੈ। ਇਹ ਬਹੁਤ ਵਧੀਆ ਰਹੇਗਾ ਜੇਕਰ ਆਪਾਂ ਆਪਣੀ ਜਗ੍ਹਾ ਦੀ ਮਿੱਟੀ ਦੀ ਪਰਖ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰਵਾ ਲਈਏ।
4. ਘਰੇਲੂ ਬਗੀਚੀ ਤੋਂ ਵਧ ਤੋਂ ਵਧ ਪੈਦਾਵਾਰ ਲੈਣ ਲਈ ਮੌਸਮ ਅਨੁਸਾਰ ਸਬਜ਼ੀ ਲਾਉਣੀ ਚਾਹੀਦੀ ਹੈ ਤਾਂ ਜੋ ਸਾਰਾ ਸਾਲ ਸਬਜ਼ੀ ਉਗਾਈ ਜਾ ਸਕੇ।
5. ਘਰ ਬਗੀਚੀ ਲਈ ਸਬਜ਼ੀਆਂ ਦੇ



ਬੀਜ ਹਮੇਸ਼ਾ ਭਰੋਸੇਮੰਦ ਤਸਦੀਕਸ਼ੁਦਾ ਵਸੀਲੇ ਜਿਵੇਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਲਉ। (ਘਰੇਲੂ ਬਗੀਚੀ ਲਈ ਸਬਜ਼ੀਆਂ ਦੀ ਕਿੱਟ ਵੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਮਿਲਦੀ ਹੈ)।
6. ਘਰੇਲੂ ਬਗੀਚੀ ਵਿਚ ਰੂੜੀ ਦੀ ਖਾਦ ਦੀ ਵਰਤੋਂ ਬਹੁਤ ਵਧੀਆ ਹੈ ਪਰ ਇਹ ਚੰਗੀ ਤਰ੍ਹਾਂ ਗਲੀ ਸੜੀ ਹੋਣੀ ਚਾਹੀਦੀ ਹੈ। ਇਸ ਖਾਦ ਦੀ ਵਰਤੋਂ ਨਾਲ ਰਸਾਇਣਿਕ ਖਾਦਾਂ ਦੀ ਵਰਤੋਂ ਵੀ ਘੱਟ ਹੋ ਸਕਦੀ ਹੈ।
7. ਘਰੇਲੂ ਬਗੀਚੀ ਵਿਚ ਸਾਰਾ ਸਾਲ ਮਿਲਣ ਵਾਲੀ ਸਬਜ਼ੀ ਦਾ ਫ਼ਸਲੀ ਚੱਕਰ ਬਣਾਉ ਤਾਂ ਜੋ ਕਿਆਰੀਆਂ ਕਿਸੇ ਵੀ ਸਮੇਂ ਖਾਲੀ ਨਾ ਰਹਿਣ ਅਤੇ ਸਹੀ ਸਮੇਂ ਤੇ ਸਹੀ ਕਿਸਮ ਦੀ ਬਿਜਾਈ ਕਰੋ ਜਿਵੇਂ ਕਿ ਜੜ੍ਹਾਂ ਵਾਲੀਆਂ ਸਬਜ਼ੀਆਂ ਹਮੇਸ਼ਾਂ ਵੱਟਾਂ ਤੇ ਲਗਾਉ। ਪਰ ਵੱਟਾਂ ਚੌੜੀ ਜ਼ਿਆਦਾ ਨਾ ਕਰੋ। ਕੱਦੂ ਜਾਤੀ ਦੀਆਂ ਸਬਜ਼ੀਆਂ ਘਰੇਲੂ ਬਗੀਚੀ ਵਿਚ ਇਕ ਪਾਸੇ ਲਗਾਉ ਤਾਂ ਜੋ ਇਹਨਾਂ ਨੂੰ ਸਹਾਰਾ ਦੇਣ ਵਿਚ ਆਸਾਨੀ ਰਹੇ।
8. ਆਮ ਤੌਰ ਤੇ ਘਰ ਬਗੀਚੀ ਵਿਚ ਘੀਆ ਕੱਦੂ, ਕਰੇਲਾ, ਸੇਮ ਫ਼ਲੀ,



ਲੋਬੀਆ, ਸ਼ਲਗਮ, ਗਾਜਰ, ਮਟਰ, ਪੁਦੀਨਾ ਅਤੇ ਚਲਾਈ ਜ਼ਰੂਰ ਬੀਜੋ।
9. ਕੋਈ ਵੀ ਸਬਜ਼ੀ ਲਗਾਤਾਰ ਇਕੋ ਕਿਆਰੀ ਵਿਚ ਨਾ ਲਗਾਉ। ਇਕ ਪਰਿਵਾਰ ਦੀਆਂ ਸਬਜ਼ੀਆਂ ਜਿਵੇਂ ਟਮਾਟਰ, ਮਿਰਚ ਅਤੇ ਬੈਂਗਣ ਨੂੰ ਲਗਾਤਾਰ ਇਕ ਕਿਆਰੀ ਵਿਚ ਨਾ ਬੀਜੋ।
10. ਘਰ ਬਗੀਚੀ ਵਿਚ ਕੀੜੇ ਅਤੇ ਬਿਮਾਰੀਆਂ ਤੇ ਕਾਬੂ ਪਾਉਣ ਲਈ ਘੱਟ ਤੋਂ ਘੱਟ ਜ਼ਹਿਰਾਂ ਦਾ ਇਸਤੇਮਾਲ ਕਰੋ ਅਤੇ ਸਪਰੇਆਂ ਕਰਨ ਤੋਂ ਤੁਰੰਤ ਬਾਅਦ ਸਬਜ਼ੀ ਨਾ ਤੋੜੋ।
11. ਸ਼ਹਿਰਾਂ ਵਿਚ ਗਮਲਿਆਂ ਵਿਚ ਉਹ ਸਬਜ਼ੀਆਂ ਉਗਾਓ ਜਿਨ੍ਹਾਂ ਦੇ ਪ੍ਰਤੀ ਬੂਟਾ ਜ਼ਿਆਦਾ ਫ਼ਲ ਹੋਣ ਜਿਵੇਂ ਟਮਾਟਰ, ਮਿਰਚ, ਬੈਂਗਣ ਆਦਿ ਜਾਂ ਉਹ ਸਬਜ਼ੀਆਂ ਉਗਾਉ ਜੋ ਮੰਡੀ ਵਿਚ ਹਮੇਸ਼ਾ ਤਾਜ਼ੀਆਂ ਨਹੀਂ ਮਿਲਦੀਆਂ ਜਿਵੇਂ ਸਲਾਦ, ਪੱਤਿਆਂ ਵਾਲੀਆਂ ਸਬਜ਼ੀਆਂ ਆਦਿ।
12. ਬਿਜਾਈ ਬਗੀਚੀ ਵਿਚ ਬਿਜਾਈ ਕਰਨ ਤੋਂ ਬਾਅਦ ਬੀਜ ਨੂੰ ਚੰਗੀ ਤਰ੍ਹਾਂ ਮਿਟੀ ਜਾਂ ਗਲੀ ਸੜੀ ਰੂੜੀ ਨਾਲ ਢਕੋ। ਬਿਜਾਈ ਹਮੇਸ਼ਾ ਵੱਤਰ ਵਿਚ ਕਰੋ ਤਾਂ ਜੋ ਬੀਜ ਦੀ ਵਧੀਆ ਪੈਦਾਵਾਰ ਹੋ ਸਕੇ।

### ਘਰੇਲੂ ਬਗੀਚੀ ਵਿਚ ਕੀੜਿਆਂ ਤੋਂ ਬਚਾਅ

ਘਰੇਲੂ ਬਗੀਚੀ ਵਿਚ ਕੀੜਿਆਂ ਦੀ ਰੋਕਥਾਮ ਲਈ ਜੈਵਿਕ ਢੰਗਾਂ ਦੀ ਵਰਤੋਂ ਕਰੋ। ਬਜ਼ਾਰ ਤੋਂ ਲਿਆਂਦੀ ਸਬਜ਼ੀਆਂ ਵਿਚ ਜ਼ਹਿਰਾਂ ਦਾ ਅਸਰ ਜ਼ਿਆਦਾ ਹੁੰਦਾ ਹੈ। ਜੈਵਿਕ ਢੰਗਾਂ ਨਾਲ ਕੀੜਿਆਂ ਦੀ ਰੋਕਥਾਮ ਦੇ ਕੁਝ ਜ਼ਰੂਰੀ ਨੁਕਤੇ ਹਨ :-

1. ਹਮੇਸ਼ਾ ਸਬਜ਼ੀਆਂ ਦੀ ਉਹੀ ਕਿਸਮਾਂ ਅਤੇ ਹਾਈਬ੍ਰਿਡ ਚੁਣੋ ਜੋ ਕੀੜਿਆਂ ਅਤੇ ਬਿਮਾਰੀਆਂ ਤੋਂ ਰਹਿਤ ਹੋਣ।
2. ਸਬਜ਼ੀਆਂ ਬੀਜਣ ਜਾਂ ਪਨੀਰੀ ਲਾਉਣ ਦਾ ਸਮਾਂ ਉਸ ਵੇਲੇ ਚੁਣੋ ਜਿਸ ਵਿੱਚ ਕੀੜਿਆਂ ਦਾ ਹਮਲਾ ਘੱਟ ਹੋਵੇ। ਜਿਵੇਂ ਕੱਦੂ ਜਾਤੀ ਦੀ ਸਬਜ਼ੀਆਂ ਦੀ ਬਿਜਾਈ ਨਵੰਬਰ ਸ਼ੁਰੂ ਵਿਚ ਕਰਨ ਨਾਲ ਫ਼ਸਲ ਨਾਲ ਭੂੰਡੀ ਦੇ ਹਮਲੇ ਤੋਂ ਬਚ ਜਾਂਦੀ ਹੈ।
3. ਘਰੇਲੂ ਬਗੀਚੀ ਵਿਚ ਡਿੱਗੇ ਪੱਤਿਆਂ ਨੂੰ ਚੁੱਕ ਕੇ ਜ਼ਮੀਨ ਵਿਚ ਦਬਾਓ। ਇਸ ਤਰ੍ਹਾਂ ਭਿੰਡੀ, ਬੈਂਗਣ, ਟਮਾਟਰ, ਸ਼ਿਮਲਾ ਮਿਰਚ ਦੇ ਕੀੜੇ ਅਤੇ ਫ਼ਸਲ ਦੀਆਂ ਮਖੀਆਂ ਤੋਂ ਅਤੇ ਸੁਰੰਗੀ ਕੀੜੇ ਦੇ ਹਮਲੇ ਤੋਂ ਸਬਜ਼ੀਆਂ ਨੂੰ ਬਚਾਇਆ ਜਾ ਸਕਦਾ ਹੈ।
4. ਖਾਦਾਂ ਦੀ ਸਹੀ ਵਰਤੋਂ ਅਤੇ ਸਿੰਚਾਈ ਦਾ ਸਹੀ ਢੰਗ ਕੀੜਿਆਂ ਅਤੇ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ। ਹਮੇਸ਼ਾ ਚੰਗੀ ਤਰ੍ਹਾਂ ਗਲੀ ਸੜੀ ਰੂੜੀ ਦੀ ਵਰਤੋਂ ਕਰਨੀ ਚਾਹੀਦੀ ਹੈ।
5. ਸਬਜ਼ੀਆਂ ਬੀਜਣ ਤੋਂ ਪਹਿਲਾਂ ਜ਼ਮੀਨ ਦੀ ਚੰਗੀ ਤਰ੍ਹਾਂ ਵਾਹਾਈ ਕਰਨਾ ਅਤੇ 23 ਦਿਨਾਂ ਲਈ ਧੁੱਪ ਲਗਾਉਣੀ ਬਹੁਤ ਜ਼ਰੂਰੀ ਹੈ। ਇਸ ਨਾਲ ਵੀ ਕੀੜਿਆਂ ਦੇ ਹਮਲੇ ਤੋਂ ਸਬਜ਼ੀਆਂ ਨੂੰ ਬਚਾਇਆ ਜਾ ਸਕਦਾ ਹੈ।
6. ਕੁਝ ਕੀੜਿਆਂ ਦੀ ਸੁੰਡੀਆਂ ਜੋ ਪੌਦਿਆਂ ਦੇ ਪੱਤਿਆਂ ਨੂੰ ਖਾਂਦੀਆਂ ਹਨ, ਮਕੈਨੀਕਲ ਢੰਗਾਂ ਨਾਲ ਰੋਕਥਾਮ ਕੀਤੀ ਜਾ ਸਕਦੀ ਹੈ। ਜੋ ਇਹਨਾਂ ਸੁੰਡੀਆਂ ਨੂੰ ਸ਼ੁਰੂ ਵਿਚ ਨਾ ਕਾਬੂ ਕੀਤਾ ਜਾਵੇ ਤਾਂ ਸਾਰਾ ਬੂਟਾ ਹੀ ਖਾ ਜਾਂਦੀਆਂ ਹਨ।
7. ਜਿਵੇਂ ਹਡਾ ਸੁੰਡੀ, ਤਮਾਕੂ ਦੀ ਸੁੰਡੀ, ਬੰਦ ਗੋਭੀ ਦੀ ਸੁੰਡੀ ਅਤੇ ਬਿਹਾਰ ਹਰੀ ਸੁੰਡੀ ਇਹਨਾਂ ਤੋਂ ਬਚਾਅ ਲਈ, ਸੁੰਡੀਆਂ ਦੇ ਹਮਲੇ ਵਾਲੇ ਹਿੱਸੇ ਨੂੰ ਤੋੜ ਕੇ ਨਸ਼ਟ ਕਰੋ ਅਤੇ ਜ਼ਮੀਨ ਵਿਚ ਦਬਾਅ ਦਿਉ। ਇਸ ਤਰ੍ਹਾਂ, ਕੀੜਿਆਂ ਦੀ ਗਿਣਤੀ ਨੂੰ ਘਟਾਇਆ ਜਾ ਸਕਦਾ ਹੈ ਅਤੇ ਸਪਰੇਆਂ ਦੀ ਵੀ ਜ਼ਰੂਰਤ ਨਹੀਂ ਰਹਿੰਦੀ।

ਰਸ ਚੂਸਣ ਵਾਲੇ ਕੀੜੇ ਪੀਲੇ ਰੰਗ ਵਲ ਆਕਰਸ਼ਤ ਹੁੰਦੇ ਹਨ ਇਸ ਲਈ ਤੇਲੇ, ਚੇਪਾ, ਚਿੱਟੀ ਮੱਖੀ ਅਤੇ ਸੁਰੰਗੀ ਕੀੜੇ ਤੋਂ ਬਚਾਅ ਲਈ ਪੀਲੇ ਚਿਪਚਿਪੇ ਸਿਕੰਜ਼ੇ ਲਗਾਉ। ਘਰੇਲੂ ਬਗੀਚੀ ਵਿਚ ਫੁਹਾਰੇ ਨਾਲ ਪਾਣੀ ਦਾ ਛਿੜਕਾਅ ਕਰ ਕੇ ਵੀ ਕਿਸੇ ਹੱਦ ਤੱਕ ਰਸ ਚੂਸਣ ਵਾਲੇ ਕੀੜੇ ਜਿਵੇਂ ਤੇਲਾ, ਚੇਪਾ, ਜੂੰ, ਚਿੱਟੀ ਮੱਖੀ ਤੋਂ ਬਚਾਅ ਕੀਤਾ ਜਾ ਸਕਦਾ ਹੈ।

**—ਦਿਲਪ੍ਰੀਤ ਤਲਵਾੜ, ਕੁਲਬੀਰ ਸਿੰਘ ਅਤੇ ਸਈਦ ਅਬਦੁਲ, ਹਮੀਦ ਪਟੇਲ**

ਇਸ ਵਕਤ ਪੰਜਾਬ ਵਿੱਚ ਕੋਈ ਸਾਢੇ ਤਿੰਨ ਲੱਖ ਟਿਊਬਵੈੱਲ ਰੋਜ਼ਾਨਾ ਧਰਤੀ ਹੇਠੋਂ ਪਾਣੀ ਕੱਢਣ ਵਿੱਚ ਲੱਗੇ ਹੋਏ ਹਨ । ਉਹ ਦਿਨ ਦੂਰ ਨਹੀਂ ਜਿਸ ਦਿਨ ਧਰਤੀ ਹੇਠਲਾ ਪਾਣੀ ਵੀ ਖ਼ਤਮ ਹੋ ਜਾਵੇਗਾ । ਜਿਸ ਹਿਸਾਬ ਨਾਲ ਧਰਤੀ ਹੇਠੋਂ ਪਾਣੀ ਕੱਢਿਆ ਜਾ ਰਿਹਾ ਹੈ, ਉਸ ਨੂੰ ਵੇਖਦੇ ਹੋਏ ਧਰਤੀ ਵਿਗਿਆਨੀਆਂ ਨੇ ਕਹਿ ਦਿੱਤਾ ਹੈ ਕਿ ਹੁਣ ਸਿਰਫ਼ ਸਤਾਰਾਂ ਸਾਲਾਂ ਦਾ ਪਾਣੀ ਬਚਿਆ ਹੈ । ਜੋ ਕਿ ਪੰਜਾਬ ਦੇ ਲੋਕਾਂ ਲਈ ਬਹੁਤ ਹੀ ਚਿੰਤਾ ਵਾਲੀ ਗੱਲ ਹੈ । ਜੇਕਰ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਬਚਾਉਣਾ ਹੈ ਤਾਂ ਇਸ ਵਾਸਤੇ ਕਿਸਾਨਾਂ ਨੂੰ ਫ਼ਸਲਾਂ ਵਿੱਚ ਵਿਭਿੰਨਤਾ ਲਿਆਉਣੀ ਪਵੇਗੀ । ਨਾਲ ਹੀ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਤੇ ਘੱਟੋ-ਘੱਟ ਖ਼ਰੀਦ ਕੀਮਤ ਲਾਗੂ ਕਰਨੀ ਪਵੇਗੀ । ਇਸ ਤੋਂ ਇਲਾਵਾ ਸਰਕਾਰ ਵਲੋਂ ਸ਼ਰਾਬ ਬਣਾਉਣ ਵਾਲਿਆਂ, ਰੰਗਾਈ ਧੁਲਾਈ ਕਾਰਖ਼ਾਨਿਆਂ, ਲੋਹਾ ਢਲਾਈ ਅਤੇ ਗੱਡੀਆਂ ਧੋਣ ਵਾਲਿਆਂ ਨੂੰ ਵੀ ਨਹਿਰੀ ਪਾਣੀ ਮੁਹੱਈਆ ਕਰਵਾਉਣਾ ਚਾਹੀਦਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸ਼ਰਾਬ, ਕਾਰਖ਼ਾਨਿਆਂ ਤੇ ਗੱਡੀਆਂ ਧੋਣ ਵਾਲਿਆਂ ਨੂੰ ਹੁਕਮ ਜਾਰੀ ਕਰੇ ਕਿ ਉਹ ਆਪਣੇ ਕਾਰਖ਼ਾਨਿਆਂ ਵਿੱਚ ਪਾਣੀ ਦੀ ਦੁਬਾਰਾ ਵਰਤੋਂ ਕਰਨ ਲਈ ਪਾਣੀ ਸੋਧਕ ਯੂਨਿਟ ਲਗਾਉਣ ਤਾਕਿ ਪਾਣੀ ਦੀ ਦੁਬਾਰਾ ਵਰਤੋਂ ਕੀਤੀ ਜਾ ਸਕੇ । ਪੰਜਾਬ ਵਿੱਚ ਨਵੀਆਂ ਨਹਿਰਾਂ ਅਤੇ ਖਾਲ ਬਣਾਏ ਜਾਣ ਜਿਸ ਨਾਲ ਕਿਸਾਨ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰ ਸਕਣ ।



# ਜੇਕਰ ਝੋਨੇ ਦੀ ਬਿਜਾਈ ਨਾ ਰੋਕੀ ਤਾਂ ਪੰਜਾਬ ਰੇਗਿਸਤਾਨ ਬਣ ਜਾਵੇਗਾ

**ਬਖ਼ਸ਼ੀਸ਼ ਸਿੰਘ ਸਭਰਾ**
ਮੋਬਾਇਲ : 94646-96083

ਪੰਜਾਬ ਵਿੱਚ ਇਸ ਵੇਲੇ 154 ਬਲਾਕ ਹਨ ਜਿਨ੍ਹਾਂ ਵਿੱਚੋਂ 127 ਬਲਾਕਾਂ ਵਿੱਚ ਪਾਣੀ ਖ਼ਤਮ ਹੋਣ ਕੰਢੇ ਹੈ । ਇਸੇ ਕਾਰਨ ਇਨ੍ਹਾਂ ਬਲਾਕਾਂ ਨੂੰ ਮਹਿਕਮੇ ਵਲੋਂ ਡਾਰਕ ਜੋਨ ਘੋਸ਼ਿਤ ਕਰ ਦਿਤਾ ਗਿਆ ਹੈ । ਜੇਕਰ ਪੰਜਾਬ ਅਤੇ ਕੇਂਦਰ ਸਰਕਾਰ ਨੇ ਪੰਜਾਬ ਵਿੱਚ ਹੋ ਰਹੀ ਪਾਣੀ ਦੀ ਬਰਬਾਦੀ ਨੂੰ ਰੋਕਣ ਵਲ ਧਿਆਨ ਨਾ ਦਿੱਤਾ ਤਾਂ ਪੰਜਾਬ ਆਉਣ ਵਾਲੇ ਕੁਝ ਸਮੇਂ ਵਿੱਚ ਹੀ ਰੇਗਿਸਤਾਨ ਬਣ ਜਾਵੇਗਾ । ਇਸ ਲਈ, ਜਿਨ੍ਹਾਂ ਇਲਾਕਿਆਂ ਵਿੱਚ ਨਹਿਰੀ ਪਾਣੀ ਬਹੁਤਾਤ ਵਿੱਚ ਹੈ, ਸਰਕਾਰ ਨੂੰ ਉੱਥੇ ਹੀ ਝੋਨਾ ਲਗਾਉਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ । ਜਿਸ ਇਲਾਕੇ ਵਿੱਚ ਝੋਨਾ ਸਿਰਫ਼ ਟਿਊਬਵੈੱਲ 'ਤੇ ਪਾਲਿਆ ਜਾਂਦਾ ਹੈ, ਉੱਥੇ ਦੂਜੀਆਂ ਫ਼ਸਲਾਂ ਦੀ ਪੈਦਾਵਾਰ ਕਰਨ ਲਈ ਕਿਸਾਨਾਂ ਨੂੰ ਉਤਸ਼ਾਹਤ ਕੀਤਾ ਜਾਵੇ। ਕੁੱਝ ਵਿਗਿਆਨੀਆਂ ਦਾ ਤਰਕ ਹੈ ਕਿ ਜਿੱਥੇ ਝੋਨਾ ਪਾਣੀ ਦੀ ਬਰਬਾਦੀ ਦਾ ਕਾਰਨ ਹੈ, ਉੱਥੇ ਝੋਨਾ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਵਿੱਚ ਸਹਾਈ ਵੀ ਹੁੰਦਾ ਹੈ । ਅਸਲ ਵਿੱਚ ਝੋਨਾ ਬੀਜਣਾ ਕਿਸਾਨ ਲਈ ਇਸ ਕਰ ਕੇ ਮਜ਼ਬੂਰੀ ਬਣ ਗਿਆ ਹੈ ਕਿਉਕਿ ਕੇਂਦਰ ਸਰਕਾਰ ਸਿਰਫ਼ ਦੋ ਫ਼ਸਲਾਂ ਹੀ ਘੱਟ ਤੋਂ ਘੱਟ ਖ਼ਰੀਦ ਕੀਮਤ 'ਤੇ ਖਰੀਦਦੀ ਹੈ । ਜਿਸ ਵਿੱਚ ਇਕ ਕਣਕ ਹੈ ਤੇ ਦੂਜਾ ਝੋਨਾ । ਭਾਵੇਂ ਕੇਂਦਰ ਸਰਕਾਰ ਵਲੋਂ ਕੁੱਝ ਹੋਰ ਫ਼ਸਲਾਂ ਵੀ ਘੱਟ ਤੋਂ ਘੱਟ ਖ਼ਰੀਦ ਕੀਮਤ 'ਤੇ ਖ਼ਰੀਦਣ ਦਾ ਐਲਾਨ ਕੀਤਾ ਜਾਂਦਾ ਹੈ ਪਰ ਅਸਲੀਅਤ ਵਿੱਚ ਉਹ ਵਿਖਾਵਾ ਹੀ ਸਾਬਤ ਹੁੰਦਾ ਹੈ, ਜਿਸ ਕਾਰਨ ਕਿਸਾਨਾਂ ਨੂੰ ਹਰ ਸਾਲ ਮੱਕੀ, ਸੂਰਜ ਮੁਖੀ ਬੀਜ, ਮੂੰਗੀ ਅਤੇ ਹੋਰ ਫ਼ਸਲਾਂ ਸਰਕਾਰ ਵਲੋਂ ਨੀਯਤ ਕੀਤੀ ਗਈ ਕੀਮਤ ਤੋਂ ਕਿਤੇ ਘਟ ਮੁੱਲ 'ਤੇ ਵੇਚਣ ਲਈ ਮਜ਼ਬੂਰ ਹੋਣਾ ਪੈਂਦਾ ਹੈ । ਕਿਸਾਨ ਨੂੰ ਫ਼ਸਲਾਂ ਦੀ ਪੂਰੀ ਕੀਮਤ ਨਾ ਮਿਲਣ ਕਾਰਨ ਉਹ ਕਰਜ਼ਈ ਹੋ ਰਿਹਾ ਹੈ । ਹੁਣ ਤੱਕ ਲੱਖਾਂ ਕਿਸਾਨ ਆਤਮ-ਹੱਤਿਆ ਕਰ ਗਏ ।

ਝੋਨੇ ਦੀ ਫ਼ਸਲ ਬੀਜਣ ਨਾਲ ਪੰਜਾਬ ਵਿੱਚ ਪਾਣੀ ਇਸ ਹੱਦ ਤੱਕ ਘੱਟ ਗਿਆ ਹੈ ਕਿ ਮੇਰੇ ਪਿੰਡ ਵਿੱਚ ਜਿਹੜਾ ਟਿਊਬਵੈੱਲ ਢਾਈ ਸੌ ਫੁੱਟ 'ਤੇ ਲਗਦਾ ਸੀ, ਉਹ ਹੁਣ ਸਾਢੇ ਸੱਤ ਸੌ ਫੁੱਟ 'ਤੇ ਲਗਾਇਆ ਜਾ ਰਿਹਾ ਹੈ । ਵਿਗਿਆਨੀਆਂ ਮੁਤਾਬਕ ਪਾਣੀ ਦੇ ਤਿੰਨ ਤਲ ਹਨ, ਜਿਨ੍ਹਾਂ ਵਿੱਚੋ ਦੋ ਤਲਾਂ ਦਾ ਪਾਣੀ ਖ਼ਤਮ ਹੋ ਚੁੱਕਾ ਹੈ ਅਤੇ ਆਉਣ ਵਾਲੇ 2030 ਤੱਕ ਹੋ ਸਕਦਾ ਹੈ ਕਿ ਤੀਸਰਾ ਤਲ ਵੀ ਖ਼ਤਮ ਹੋ ਜਾਵੇ । ਜਦੋਂ ਵੀ ਪਾਣੀ ਦੀ ਬਰਬਾਦੀ ਦੀ ਗੱਲ ਚਲਦੀ ਹੈ ਤਾਂ ਇਸ ਦਾ ਦੋਸ਼ ਸਿਰਫ਼ ਕਿਸਾਨ ਦੇ ਸਿਰ ਮੜ੍ਹ ਦਿੱਤਾ ਜਾਂਦਾ ਹੈ । ਅਸਲ ਵਿੱਚ ਪਾਣੀ ਦੀ ਬਰਬਾਦੀ ਲਈ ਕਿਸਾਨ ਦੋਸ਼ੀ ਨਹੀਂ ਹੈ ਸਗੋਂ ਇਸ ਲਈ ਸਰਕਾਰ ਦੋਸ਼ੀ ਹੈ ਜਿਹੜੀ ਕਿਸਾਨਾਂ ਨੂੰ ਦੂਜੀਆਂ ਫ਼ਸਲਾਂ 'ਤੇ ਪੂਰੀ ਕੀਮਤ ਨਹੀਂ ਦਿੰਦੀ, ਜਿਸ ਕਾਰਨ ਕਿਸਾਨ ਨੂੰ ਮਜ਼ਬੂਰੀ ਵੱਸ ਝੋਨਾ ਬੀਜਣਾ ਪੈਂਦਾ ਹੈ । ਜੇਕਰ ਸਰਕਾਰ ਦੂਜੀਆਂ ਫ਼ਸਲਾਂ ਵੀ ਘੱਟ ਤੋਂ ਘੱਟ ਖ਼ਰੀਦ ਕੀਮਤ 'ਤੇ ਖ਼ਰੀਦਣ ਲੱਗ ਪਵੇ ਤਾਂ ਕਿਸਾਨ ਕਦੇ ਵੀ ਝੋਨਾ ਨਹੀਂ ਬੀਜੇਗਾ । ਅੱਜਕਲ ਝੋਨੇ ਦੀ ਫ਼ਸਲ ਤਿਆਰ ਕਰਨ 'ਤੇ ਬਹੁਤ ਜ਼ਿਆਦਾ ਖ਼ਰਚ ਅਤੇ ਹੱਥੀਂ ਮਿਹਨਤ ਕਰਨੀ ਪੈਂਦੀ ਹੈ । ਇਸ ਤੋਂ ਇਲਾਵਾ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਸਾਂਭਣ ਲਈ ਹਰ ਸਾਲ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਕਈ ਕਿਸਾਨਾਂ 'ਤੇ ਝੋਨੇ ਅਤੇ ਕਣਕ ਦਾ ਨਾੜ ਸਾੜਨ ਦੇ ਪਰਚੇ ਦਰਜ ਕੀਤੇ ਗਏ ਹਨ । ਜਿਸ ਕਾਰਨ ਕਿਸਾਨਾਂ ਨੂੰ ਕੇਸ ਲੜਨ ਲਈ ਵਕੀਲਾਂ ਦੀਆਂ ਫ਼ੀਸਾਂ ਭਰਨੀਆਂ ਪੈ ਰਹੀਆਂ ਹਨ । ਕਿਸਾਨ ਪਾਣੀ ਦੀ ਵਰਤੋਂ ਉਦੋਂ ਹੀ ਕਰਦਾ ਹੈ ਜਦੋਂ ਉਸ ਨੇ ਆਪਣੀ ਫ਼ਸਲ ਤਿਆਰ ਕਰਨੀ ਹੁੰਦੀ ਹੈ । ਪਰ ਦੂਜੇ ਪਾਸੇ ਸ਼ਰਾਬ ਬਣਾਉਣ, ਰੰਗਾਈ ਧੁਲਾਈ ਕਰਨ ਅਤੇ ਗੱਡੀਆਂ ਧੋਣ ਵਿੱਚ ਰੋਜ਼ਾਨਾ ਕਰੋੜਾਂ ਲੀਟਰ ਪਾਣੀ ਦੀ ਖ਼ਪਤ ਹੋ ਰਹੀ ਹੈ । ਉਸ ਵਲ ਕਦੀ ਕਿਸੇ ਨੇ ਧਿਆਨ ਨਹੀਂ ਦਿੱਤਾ । ਸਰਕਾਰੀ ਟਿਊਬਵੈੱਲਾਂ ਤੋਂ ਜਿਹੜਾ ਪਾਣੀ ਲੋਕਾਂ ਨੂੰ ਵਰਤੋਂ ਲਈ ਪਾਈਪਾਂ ਰਾਹੀਂ ਦਿੱਤਾ ਜਾਂਦਾ ਹੈ, ਉਸ ਵਿੱਚੋਂ ਲੱਖਾਂ ਗੈਲਨ ਪਾਣੀ ਪਾਈਪਾਂ ਦੇ ਖਰਾਬ ਹੋਣ ਕਾਰਨ ਰੋਜ਼ਾਨਾ ਬਰਬਾਦ ਹੋ ਰਿਹਾ ਹੈ । ਸਾਡੇ ਘਰਾਂ ਵਿੱਚ ਵੀ ਸੈਂਕੜੇ ਲੀਟਰ ਪਾਣੀ ਪਿਸ਼ਾਬ ਖਾਨਿਆਂ ਵਿੱਚ ਬਰਬਾਦ ਕੀਤਾ ਜਾਂਦਾ ਹੈ ।

ਅੱਜਕਲ ਇਹ ਬੜੇ ਜ਼ੋਰ-ਸ਼ੋਰ ਨਾਲ ਕਿਹਾ ਜਾਂਦਾ ਹੈ ਕਿ ਝੋਨਾ ਲਗਾਉਣ ਲਈ ਕਿਸਾਨ ਨੂੰ ਕੱਦੂ ਨਹੀਂ ਕਰਨਾ ਚਾਹੀਦਾ, ਸਗੋਂ ਸੁੱਕੀ ਜ਼ਮੀਨ ਵਿੱਚ ਛੱਟਾ ਦੇ ਕੇ ਬੀਜਣਾ ਚਾਹੀਦਾ ਹੈ, ਜਿਸ ਨਾਲ ਪਾਣੀ ਦੀ ਬੱਚਤ ਹੋ ਸਕਦੀ ਹੈ । ਪਿਛਲੇ ਦਿਨੀਂ ਜਦੋਂ ਮੈਂ ਆਪਣੀ ਭੈਣ ਦੇ ਪਿੰਡ ਗਿਆ ਤਾਂ ਦਾਸ ਨੇ ਆਪਣੇ ਭਾਣਜੇ ਨੂੰ ਕਿਹਾ ਕਿ ਤੁਸੀਂ ਝੋਨਾ ਛੱਟਾ ਦੇ ਕੇ ਬੀਜਿਆ ਕਰੋ । ਇਸ ਨਾਲ ਪਾਣੀ ਦੀ ਬੱਚਤ ਹੋਵੇਗੀ । ਪਰ ਦਾਸ ਆਪਣੇ ਭਾਣਜੇ ਦਾ ਜਵਾਬ ਸੁਣ ਕੇ ਹੈਰਾਨ ਰਹਿ ਗਿਆ । ਉਸ ਨੇ ਮੈਨੂੰ ਦੱਸਿਆ ਕਿ ਜਦੋਂ ਅਸੀਂ ਕੱਦੂ ਕਰ ਕੇ ਝੋਨਾ ਲਗਾਉਂਦੇ ਹਾਂ ਤਾਂ ਉਸ ਨਾਲ ਪੈਲੀ ਦੀ ਉਪਰਲੀ ਤਹਿ ਸਖ਼ਤ ਹੋ ਜਾਂਦੀ ਹੈ ਜਿਸ ਕਾਰਨ ਬਾਅਦ ਵਿੱਚ ਪਾਣੀ ਦੀ ਖਪਤ ਘੱਟ ਹੁੰਦੀ ਹੈ । ਪਰ ਜਦੋਂ ਅਸੀਂ ਛੱਟਾ ਦੇ ਕੇ ਬੀਜਦੇ ਹਾਂ ਤਾਂ ਜ਼ਮੀਨ ਦੀ ਤਹਿ ਪੋਲੀ ਰਹਿ ਜਾਂਦੀ ਹੈ, ਜਿਸ ਕਾਰਨ ਬਾਅਦ ਵਿੱਚ ਪਾਣੀ ਦੀ ਖਪਤ ਜ਼ਿਆਦਾ ਹੁੰਦੀ ਹੈ । ਇਸ ਤੋਂ ਇਲਾਵਾ ਜਦੋਂ ਅਸੀਂ ਝੋਨਾ ਕੱਦੂ ਕਰ ਕੇ ਲਗਾਉਂਦੇ ਹਾਂ ਤਾਂ ਉਸ ਵਿੱਚ ਨਦੀਨ ਵੀ ਘੱਟ ਹੁੰਦਾ ਹੈ ਅਤੇ ਸੁੱਕੀ ਜ਼ਮੀਨ ਵਿੱਚ ਝੋਨਾ ਬੀਜਣ ਨਾਲ ਨਦੀਨ ਵੀ ਵਧੇਰੇ ਉਗਦਾ ਹੈ । ਜਿਸ ਕਾਰਨ ਸਾਨੂੰ ਦਵਾਈਆਂ ਦੀ ਜ਼ਿਆਦਾ ਵਰਤੋਂ ਕਰਨੀ ਪੈਂਦੀ ਹੈ । ਜੇਕਰ ਸਾਡਾ ਦੇਸ਼ ਅੱਜਕਲ ਅਨਾਜ ਵਿੱਚ ਆਤਮ ਨਿਰਭਰ ਹੋਇਆ ਤਾਂ ਉਸ ਵਿੱਚ ਝੋਨੇ ਦੀ ਫ਼ਸਲ ਦਾ ਬਹੁਤ ਵੱਡਾ ਯੋਗਦਾਨ ਹੈ । ਦੇਸ਼ ਦੇ ਅੰਨ ਭੰਡਾਰ ਭਰਨ ਵਿੱਚ ਅੱਜ ਵੀ ਪੰਜਾਬ ਦਾ ਸੱਭ ਤੋਂ ਵੱਧ ਯੋਗਦਾਨ ਹੈ । ਪਰ ਦੂਜੇ ਪਾਸੇ ਸ਼ਰਾਬ ਅਤੇ ਹੋਰ ਕਾਰਖ਼ਾਨਿਆਂ ਵਿੱਚ ਪਾਣੀ ਦੀ ਖਪਤ ਗੱਲ ਕਰੀਏ ਤਾਂ ਉਹ ਖੇਤੀ ਵਿੱਚ ਹੋਣ ਵਾਲੇ ਪਾਣੀ ਦੀ ਖਪਤ ਨਾਲੋਂ ਕਈ ਗੁਣਾ ਜ਼ਿਆਦਾ ਹੈ ।

ਮੇਰਾ ਇਕ ਰਿਸ਼ਤੇਦਾਰ ਜਿਹੜਾ ਪਿਛਲੇ ਲਗਭਗ ਤੀਹ ਸਾਲ ਤੋਂ ਸ਼ਰਾਬ ਦੇ ਕਾਰੋਬਾਰ ਅਦਾਰੇ ਵਿੱਚ ਕੰਮ ਕਰਦਾ ਰਿਹਾ ਹੈ । ਉਸ ਨੇ ਦਸਿਆ ਕਿ ਇੱਕ ਲੀਟਰ ਸ਼ਰਾਬ ਬਣਾਉਣ ਲਈ ਅੱਠ ਲੀਟਰ ਪਾਣੀ ਦੀ ਖਪਤ ਹੁੰਦੀ ਹੈ । ਪੰਜਾਬ ਵਿੱਚ ਇਸ ਵੇਲੇ ਇਕ ਦਰਜਨ ਤੋਂ ਵੱਧ ਸ਼ਰਾਬ ਦੇ ਕਾਰਖ਼ਾਨੇ ਹਨ । ਕਈ ਸ਼ਰਾਬ ਦੀਆਂ ਫ਼ੈਕਟਰੀਆਂ ਰੋਜ਼ਾਨਾ ਕਈ-ਕਈ ਲੱਖ ਲੀਟਰ ਸ਼ਰਾਬ ਬਣਾਉਂਦੀਆਂ ਹਨ । ਜਿਸ ਤੋਂ ਹਿਸਾਬ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਕਾਰਖ਼ਾਨਿਆਂ ਵਿੱਚ ਕਰੋੜਾਂ ਲੀਟਰ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਹੈ । ਸ਼ਰਾਬ ਕਾਰਖ਼ਾਨਿਆਂ ਤੋਂ ਇਲਾਵਾ ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਬਟਾਲਾ, ਗੋਬਿੰਦਗੜ੍ਹ ਅਤੇ ਹੋਰ ਕਈ ਸ਼ਹਿਰਾਂ ਵਿੱਚ ਸੈਂਕੜੇ ਕਾਰਖ਼ਾਨੇ ਹਨ, ਜਿੱਥੇ ਕੱਪੜੇ ਦੀ ਰੰਗਾਈ ਧੁਲਾਈ ਅਤੇ ਲੋਹੇ ਦੀ ਢਲਾਈ ਦਾ ਕੰਮ ਹੁੰਦਾ ਹੈ, ਜਿਸ ਵਿੱਚ ਲੱਖਾਂ ਗੈਲਨ ਪਾਣੀ ਰੋਜ਼ਾਨਾ ਵਰਤਿਆ ਜਾਂਦਾ ਹੈ । ਫਿਰ ਇਨ੍ਹਾਂ ਕਾਰਖ਼ਾਨਿਆਂ ਦਾ ਗੰਦਾ ਨਾਲਿਆਂ ਅਤੇ ਦਰਿਆਵਾਂ ਵਿੱਚ ਰੋੜ੍ਹ ਦਿੱਤਾ ਜਾਂਦਾ ਹੈ । ਜਿਸ ਕਾਰਨ ਵਾਤਾਵਰਣ ਵੀ ਪ੍ਰਦੂਸ਼ਤ ਹੁੰਦਾ ਹੈ ਅਤੇ ਬਿਮਾਰੀਆਂ ਵੀ ਫੈਲ ਰਹੀਆਂ ਹਨ । ਪਰ ਸਰਕਾਰ ਅਤੇ ਲੋਕ ਕੁੰਭਕਰਨ ਦੀ ਨੀਂਦ ਸੁੱਤੇ ਪਏ ਹਨ । ਜਦੋਂ ਕਿਸਾਨ ਪਰਾਲੀ ਨੂੰ ਅੱਗ ਲਗਾਉਂਦਾ ਹੈ ਤਾਂ ਪ੍ਰਦੂਸ਼ਣ ਦਾ ਦੋਸ਼ ਵੀ ਕਿਸਾਨ 'ਤੇ ਲਗਾਇਆ ਜਾਂਦਾ ਹੈ । ਪਰ ਹੈਰਾਨੀ ਦੀ ਗੱਲ ਹੈ ਕਿ ਕਾਰਖ਼ਾਨਿਆਂ, ਭੱਠਿਆਂ ਅਤੇ ਗੱਡੀਆਂ ਵੱਲੋਂ ਫੈਲਾਏ ਜਾ ਰਹੇ ਪ੍ਰਦੂਸ਼ਨ ਦੀ ਕੋਈ ਗੱਲ ਨਹੀਂ ਕਰਦਾ ਹੈ, ਜਿਸ ਕਾਰਨ ਸੈਂਕੜੇ ਲੋਕ, ਪਸ਼ੂ ਅਤੇ ਪੰਛੀ ਮਰ ਰਹੇ ਹਨ । ਇਹ ਗੱਲ ਨਹੀਂ ਕਿ ਪੰਜਾਬ ਵਿੱਚ ਪਾਣੀ ਦੀ ਘਾਟ ਹੈ । ਰੱਬ ਨੇ ਪੰਜਾਬ ਨੂੰ ਪੰਜ ਦਰਿਆ ਦਿੱਤੇ ਸੀ । ਜਿਹੜੇ ਆਜ਼ਾਦੀ ਤੋਂ ਬਾਅਦ, ਢਾਈ ਰਹਿ ਗਏ । ਪਰ ਜਿਹੜੇ ਢਾਈ ਦਰਿਆਵਾਂ ਦਾ ਪਾਣੀ ਹੈ, ਉਸ ਦਾ ਵੀ ਅੱਸੀ ਪ੍ਰਤੀਸ਼ਤ ਹਿੱਸਾ ਪੰਜਾਬ ਦੇ ਸਿਆਸੀ ਲੀਡਰਾਂ ਨੇ ਆਪਣੀ ਕੁਰਸੀ ਬਚਾਉਣ ਲਈ ਦਿੱਲੀ, ਰਾਜਸਥਾਨ ਤੇ ਹਰਿਆਣਾ ਨੂੰ ਵੰਡ ਦਿੱਤਾ ।

ਇਸ ਵਕਤ ਪੰਜਾਬ ਵਿੱਚ ਕੋਈ ਸਾਢੇ ਤਿੰਨ ਲੱਖ ਟਿਊਬਵੈੱਲ ਰੋਜ਼ਾਨਾ ਧਰਤੀ ਹੇਠੋਂ ਪਾਣੀ ਕੱਢਣ ਵਿੱਚ ਲੱਗੇ ਹੋਏ ਹਨ । ਉਹ ਦਿਨ ਦੂਰ ਨਹੀਂ ਜਿਸ ਦਿਨ ਧਰਤੀ ਹੇਠਲਾ ਪਾਣੀ ਵੀ ਖ਼ਤਮ ਹੋ ਜਾਵੇਗਾ । ਜਿਸ ਹਿਸਾਬ ਨਾਲ ਧਰਤੀ ਹੇਠੋਂ ਪਾਣੀ ਕੱਢਿਆ ਜਾ ਰਿਹਾ ਹੈ, ਉਸ ਨੂੰ ਵੇਖਦੇ ਹੋਏ ਧਰਤੀ ਵਿਗਿਆਨੀਆਂ ਨੇ ਕਹਿ ਦਿੱਤਾ ਹੈ ਕਿ ਹੁਣ ਸਿਰਫ਼ ਸਤਾਰਾਂ ਸਾਲਾਂ ਦਾ ਪਾਣੀ ਬਚਿਆ ਹੈ । ਜੋ ਕਿ ਪੰਜਾਬ ਦੇ ਲੋਕਾਂ ਲਈ ਬਹੁਤ ਹੀ ਚਿੰਤਾ ਵਾਲੀ ਗੱਲ ਹੈ । ਜੇਕਰ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਬਚਾਉਣਾ ਹੈ ਤਾਂ ਇਸ ਵਾਸਤੇ ਕਿਸਾਨਾਂ ਨੂੰ ਫ਼ਸਲਾਂ ਵਿੱਚ ਵਿਭਿੰਨਤਾ ਲਿਆਉਣੀ ਪਵੇਗੀ । ਨਾਲ ਹੀ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਤੋਂ ਘੱਟੋ-ਘੱਟ ਖ਼ਰੀਦ ਕੀਮਤ ਲਾਗੂ ਕਰਨੀ ਪਵੇਗੀ । ਇਸ ਤੋਂ ਇਲਾਵਾ ਸਰਕਾਰ ਵਲੋਂ ਸ਼ਰਾਬ ਬਣਾਉਣ ਵਾਲਿਆਂ, ਰੰਗਾਈ ਧੁਲਾਈ ਕਾਰਖ਼ਾਨਿਆਂ, ਲੋਹਾ ਢਲਾਈ ਅਤੇ ਗੱਡੀਆਂ ਧੋਣ ਨੂੰ ਵੀ ਨਹਿਰੀ ਪਾਣੀ ਮੁਹੱਈਆ ਕਰਵਾਉਣਾ ਚਾਹੀਦਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸ਼ਰਾਬ ਕਾਰਖ਼ਾਨਿਆਂ ਤੇ ਗੱਡੀਆਂ ਧੋਣ ਵਾਲਿਆਂ ਨੂੰ ਹੁਕਮ ਜਾਰੀ ਕਰੇ ਕਿ ਉਹ ਆਪਣੇ ਕਾਰਖ਼ਾਨਿਆਂ ਵਿੱਚ ਪਾਣੀ ਦੀ ਦੁਬਾਰਾ ਦੁਬਾਰਾ ਵਰਤੋਂ ਕਰਨ ਲਈ ਪਾਣੀ ਸੋਧਕ ਯੂਨਿਟ ਲਗਾਉਣ ਤਾਂਕਿ ਪਾਣੀ ਦੀ ਦੁਬਾਰਾ ਵਰਤੋਂ ਕੀਤੀ ਜਾ ਸਕੇ । ਪੰਜਾਬ ਵਿੱਚ ਨਵੀਆਂ ਨਹਿਰਾਂ ਅਤੇ ਖਾਲ ਬਣਾਏ ਜਾਣ ਜਿਸ ਨਾਲ ਕਿਸਾਨ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰ ਸਕਣ । ਦਾਸ ਨੂੰ ਸ. ਪ੍ਰਭਪਾਲ ਸਿੰਘ ਢਿੱਲੋਂ ਨੇ ਦਸਿਆ ਕਿ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਕਸੇਲ ਅਤੇ ਹੋਰ ਪਿੰਡਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਨਹਿਰ ਵਿੱਚ ਸਪੈਸ਼ਲ ਛੂਟਾਂ ਲਗਾਉਣ ਦੀ ਸਹੂਲਤ ਦਿੱਤੀ ਜਾਣੀ ਚਾਹੀਦੀ ਹੈ । ਇਸ ਨਾਲ ਬਿਜਲੀ ਦੀ ਖਪਤ ਵੀ ਘਟਦੀ ਹੈ ਅਤੇ ਨਾਲੇ ਨਹਿਰੀ ਵਿਭਾਗ ਨੂੰ ਮਾਲੀਆ ਵੀ ਮਿਲਦਾ ਹੈ । ਜੇਕਰ ਸਰਕਾਰ ਨੇ ਝੋਨੇ, ਸ਼ਰਾਬ ਬਣਾਉਣ, ਗੱਡੀਆਂ ਧੋਣ ਅਤੇ ਕਾਰਖ਼ਾਨਿਆਂ ਵਿਚ ਹੋ ਰਹੀ ਬਰਬਾਦੀ ਨੂੰ ਨਾ ਰੋਕਿਆ ਤਾਂ ਪੰਜਾਬ ਨੂੰ ਰੇਗਿਸਤਾਨ ਬਣਨ ਤੋਂ ਕੋਈ ਨਹੀਂ ਬਚਾ ਸਕਦਾ । ਇਸ ਵਾਸਤੇ ਸਰਕਾਰ ਨੂੰ ਨਿਮਰਤਾ ਸਹਿਤ ਬੇਨਤੀ ਹੈ ਨਹਿਰੀ ਪਾਣੀ ਨੂੰ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਵੇ । ਫਿਰ ਇਹ ਨਾ ਹੋਵੇ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਪੀਣ ਵਾਲਾ ਪਾਣੀ ਵੀ ਨਾ ਮਿਲ ਸਕੇ । ਪਾਣੀ ਹੀ ਜੀਵਨ ਹੈ, ਜੇਕਰ ਪਾਣੀ ਨਾ ਰਿਹਾ ਤਾਂ ਜੀਵਨ ਵੀ ਖ਼ਤਮ ਹੋ ਜਾਵੇਗਾ ।

- ★ **ਕਿਸਾਨਾਂ ਨੂੰ ਫ਼ਸਲਾਂ ਵਿੱਚ ਵਿਭਿੰਨਤਾ ਲਿਆਉਣੀ ਪਵੇਗੀ ।**
- ★ **ਸਰਕਾਰ, ਕਾਰਖ਼ਾਨਿਆਂ ਤੇ ਗੱਡੀਆਂ ਧੋਣ ਵਾਲਿਆਂ ਨੂੰ ਹੁਕਮ ਜਾਰੀ ਕਰੇ ਕਿ ਉਹ ਪਾਣੀ ਸੋਧਕ ਯੂਨਿਟ ਲਗਾਉਣ ਤਾਕਿ ਪਾਣੀ ਦੀ ਦੁਬਾਰਾ ਵਰਤੋਂ ਕੀਤੀ ਜਾ ਸਕੇ ।**
- ★ **ਪੰਜਾਬ ਵਿੱਚ ਨਵੀਆਂ ਨਹਿਰਾਂ ਤੇ ਖਾਲ ਬਣਾਏ ਜਾਣ ਜਿਸ ਨਾਲ ਕਿਸਾਨ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰ ਸਕਣ ।**



# ਸੰਯੁਕਤ ਮੱਛੀ ਤੇ ਬੱਤਖ ਪਾਲਣ

## ਘੱਟ ਖਰਚਾ ਵੱਧ ਮੁਨਾਫ਼ਾ

ਖੁਸ਼ਵੀਰ ਸਿੰਘ ਤੇ ਵਨੀਤ ਇੰਦਰ ਕੌਰ, ਫਿਸ਼ਰੀਜ਼ ਕਾਲਜ, ਲੁਧਿਆਣਾ (ਮੋ. 94636-05072)

ਅਜੋਕੇ ਸਮੇਂ ਵਿੱਚ ਜ਼ਿਆਦਾਤਰ ਕਿਸਾਨਾਂ ਦੀਆਂ ਜ਼ਮੀਨਾਂ ਕਈ ਕਾਰਨਾਂ ਕਰਕੇ ਘਟਦੀਆਂ ਜਾ ਰਹੀਆਂ ਹਨ। ਇਕੱਲੀ ਖੇਤੀਬਾੜੀ ਨਾਲ ਨਿਰਵਾਹ ਕਰਨਾ ਔਖਾ ਹੋ ਰਿਹਾ ਹੈ। ਅਜਿਹੇ ਸਮੇਂ ਕਿਸਾਨਾਂ ਨੂੰ ਅਜਿਹੇ ਸੰਯੁਕਤ ਧੰਦਿਆਂ ਦੀ ਜ਼ਰੂਰਤ ਹੈ, ਜਿਨ੍ਹਾਂ ਦਾ ਆਪਸ ਵਿੱਚ ਚੰਗਾ ਸੁਮੇਲ ਹੋਵੇ। ਕਿਸੇ ਦੋ ਜਾਂ ਜ਼ਿਆਦਾ ਖੇਤੀਬਾੜੀ ਕਿੱਤਿਆਂ ਦੇ ਲਾਹੇਵੰਦ ਸੁਮੇਲ ਨੂੰ ਸੰਯੁਕਤ ਪਾਲਣ ਕਿਹਾ ਜਾਂਦਾ ਹੈ, ਜਿਸ ਵਿੱਚੋਂ ਇੱਕ ਖੇਤੀ ਮੁੱਖ ਹੁੰਦੀ ਹੈ।

ਖੇਤੀਬਾੜੀ ਨਾਲ ਜੁੜੇ ਸਹਾਇਕ ਧੰਦਿਆਂ ਵਿੱਚੋਂ ਮੱਛੀ ਪਾਲਣ ਅਜਿਹਾ ਧੰਦਾ ਹੈ, ਜਿਸ ਨੂੰ ਖੇਤੀਬਾੜੀ ਜ਼ਮੀਨ ਉੱਤੇ ਵਾਧੂ ਭਾਰ ਪਾਏ ਬਿਨਾਂ ਅਪਨਾਇਆ ਜਾ ਸਕਦਾ ਹੈ। ਮੱਛੀ ਪਾਲਣ ਨੂੰ ਖੇਤੀਬਾੜੀ ਜਾਂ ਪਸ਼ੂ-ਪਾਲਣ ਨਾਲ ਜੋੜ ਕੇ ਸਰੋਤਾਂ ਦੀ ਸੁਚੱਜੀ ਵਰਤੋਂ, ਫ਼ਸਲੀ ਵਿਭਿੰਨਤਾ ਦੇ ਨਾਲ-ਨਾਲ ਵਾਧੂ ਭੋਜਨ ਤੇਆਮਦਨ ਦੇ ਸਾਧਨ ਵਧਾਏ ਜਾ ਸਕਦੇ ਹਨ। ਜਿਸ ਨਾਲ ਪ੍ਰਤੀ ਇਕਾਈ ਜ਼ਿਆਦਾ ਉਤਪਾਦਨ ਵਧਣ ਦੇ ਨਾਲ-ਨਾਲ ਉਤਪਾਦਨ ਖ਼ਰਚਾ ਵੀ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ ਅਤੇ ਕਿਸਾਨ ਨੂੰ ਆਰਥਿਕ ਤੰਗੀ ਦਾ ਸਾਹਮਣਾ ਵੀ ਨਹੀਂ ਕਰਨਾ ਪੈਂਦਾ। ਅਜਿਹੇ ਸੁਮੇਲ ਵਿੱਚ ਇਕ ਕਿੱਤੇ ਦੀ ਰਹਿੰਦ-ਖੂੰਹਦ ਨੂੰ ਦੂਸਰੇ ਕਿੱਤੇ ਵਿੱਚ ਖਾਦ ਜਾਂ ਖ਼ੁਰਾਕ ਵਜੋਂ ਵਰਤਿਆ ਜਾਂਦਾ ਹੈ।

ਮੱਛੀ ਪਾਲਣ ਦਾ ਕਿਸੇ ਇਕ ਜਾਂ

**ਜ਼ਮੀਨਾਂ ਦੇ ਘਟਦੇ ਰਕਬੇ ਤੇ ਵਧਦੇ ਖ਼ਰਚਿਆਂ ਕਾਰਨ ਇਕੱਲੀ ਖੇਤੀਬਾੜੀ ਨਾਲ ਗੁਜ਼ਾਰਾ ਕਰਨਾ ਮੁਸ਼ਕਲ ਹੋ ਰਿਹਾ ਹੈ। ਅਜਿਹੇ ਸਮੇਂ ਮੱਛੀ ਪਾਲਣ ਤੇ ਬੱਤਖ ਪਾਲਣ ਨੂੰ ਖੇਤੀਬਾੜੀ ਜਾਂ ਪਸ਼ੂ-ਪਾਲਣ ਨਾਲ ਜੋੜ ਕੇ ਸੰਯੁਕਤ ਪਾਲਣ ਅਪਣਾਉਣਾ ਲਾਹੇਵੰਦ ਸਾਬਤ ਹੋ ਸਕਦਾ ਹੈ...**

ਜ਼ਿਆਦਾ ਕਿੱਤਿਆਂ ਨਾਲ ਲਾਹੇਵੰਦ ਸੁਮੇਲ ਨੂੰ 'ਸੰਯੁਕਤ ਮੱਛੀ ਪਾਲਣ' ਕਹਿੰਦੇ ਹਨ। ਸੰਯੁਕਤ ਮੱਛੀ ਪਾਲਣ ਦਾ ਮੁੱਖ ਸਿਧਾਂਤ ਕਿਸੇ ਖੇਤਰ ਤੇ ਤਲਾਬ ਦੇ ਵਿਅਰਥ ਪਦਾਰਥਾਂ ਨੂੰ ਪੂਰੀ ਤਰ੍ਹਾਂ ਵਰਤੋਂ ਵਿੱਚ ਲਿਆ ਕੇ ਉਤਪਾਦਕਤਾ ਨੂੰ ਵਧਾਉਣਾ ਹੈ।

### ਪਾਲਣ ਯੋਗ ਮੱਛੀਆਂ

ਪੰਜਾਬ ਵਿੱਚ ਮੁੱਖ ਤੌਰ 'ਤੇ ਕਾਰਪ ਮੱਛੀਆਂ ਪਾਲੀਆਂ ਜਾਂਦੀਆਂ ਹਨ, ਜਿਸ ਵਿੱਚ ਭਾਰਤੀ ਮੇਜਰ ਕਾਰਪ (ਕਤਲਾ, ਰੋਹੂ, ਮੁਰਾਖ) ਅਤੇ ਵਿਦੇਸ਼ੀ ਕਾਰਪ (ਕਾਮਨ ਕਾਰਪ, ਗਰਾਸ ਕਾਰਪ ਅਤੇ ਸਿਲਵਰ ਕਾਰਪ) ਮੱਛੀਆਂ ਪ੍ਰਮੁੱਖ ਹਨ। ਤਲਾਬ ਵਿੱਚ ਇਨ੍ਹਾਂ ਪਾਲਣ ਯੋਗ ਕਾਰਪ ਮੱਛੀਆਂ ਦਾ ਉਂਗਲਕਾਰੀ ਬੱਚ 10,000 ਪ੍ਰਤੀ ਹੈਕਟੇਅਰ 343 ਦੇ ਅਨੁਪਾਤ ਨਾਲ ਸੰਚਿਤ ਕਰਨਾ ਚਾਹੀਦਾ ਹੈ।

### ਮੱਛੀ ਤਲਾਬ ਲਈ ਜਗ੍ਹਾ ਦੀ ਚੋਣ

ਜਿਸ ਜ਼ਮੀਨ 'ਤੇ ਖੇਤੀਬਾੜੀ ਹੁੰਦੀ ਹੋਵੇ ਜਾਂ ਪੈਦਾਵਾਰ ਬਹੁਤ ਘੱਟ ਹੁੰਦੀ ਹੋਵੇ, ਨੂੰ ਮੱਛੀ ਤਲਾਬ ਬਣਾਉਣ ਲਈ ਵਰਤਣਾ ਚਾਹੀਦਾ ਹੈ। ਉਸ ਜਗ੍ਹਾ ਦੀ



ਮਿੱਟੀ ਪਾਣੀ ਨੂੰ ਸਾਂਭ ਕੇ ਰੱਖਣ ਵਾਲੀ ਹੋਵੇ, ਜਿਸ ਵਿੱਚ 20-30 ਫ਼ੀਸਦੀ ਚੀਕਣੀ ਮਿੱਟੀ ਹੋਣੀ ਚਾਹੀਦੀ ਹੈ। ਮੱਛੀ ਤਲਾਬ ਲਈ ਭਰੋਸੇਯੋਗ ਪਾਣੀ ਦੇ ਸੋਮੇ ਟਿਊਬਵੈੱਲ ਜਾਂ ਨਹਿਰ ਦੇ ਪਾਣੀ ਦਾ ਹੋਣਾ ਬਹੁਤ ਜ਼ਰੂਰੀ ਹੈ। ਵਪਾਰਕ ਪੱਧਰ 'ਤੇ ਮੱਛੀਆਂ ਪਾਲਣ ਲਈ ਤਲਾਬ ਦਾ ਰਕਬਾ ਘੱਟੋ-ਘੱਟ ਇਕ ਏਕੜ ਹੋਣਾ ਚਾਹੀਦਾ ਹੈ।

### ਪਸ਼ੂ-ਪਾਲਣ ਧੰਦਿਆਂ ਨਾਲ ਜਾ ਸਕਦਾ ਜੋੜਿਆ

ਮੱਛੀ ਪਾਲਣ ਇੱਕੋ ਇਕ ਅਜਿਹਾ ਧੰਦਾ ਹੈ, ਜਿਸ ਨੂੰ ਬੜੀ ਆਸਾਨੀ ਨਾਲ ਹੋਰਨਾਂ ਪਸ਼ੂ-ਪਾਲਣ ਧੰਦਿਆਂ ਨਾਲ ਜੋੜਿਆ ਜਾ ਸਕਦਾ ਹੈ। ਸੰਯੁਕਤ ਮੱਛੀ ਤੇ ਪਸ਼ੂ-ਪਾਲਣ ਦਾ ਸੁਮੇਲ ਲਾਭਦਾਇਕ ਸੁਮੇਲ ਹੈ। ਤਲਾਬ ਵਿੱਚ ਇਨ੍ਹਾਂ ਪਾਲਣਯੋਗ ਕਾਰਪ ਮੱਛੀਆਂ ਦਾ ਸੁਮੇਲ ਪਸ਼ੂ (ਮੱਝ/ਗਾਂ), ਸੂਰ, ਮੁਰਗੀ, ਬੱਤਖ ਆਦਿ ਨਾਲ ਕੀਤਾ ਜਾ ਸਕਦਾ ਹੈ, ਜਿਨ੍ਹਾਂ ਦਾ ਸ਼ੈੱਡ ਤਲਾਬ ਦੇ ਨਜ਼ਦੀਕ ਜਾਂ ਉੱਪਰ ਬਣਾਉਣਾ ਚਾਹੀਦਾ ਹੈ।

ਇਸ ਤਰ੍ਹਾਂ ਪਸ਼ੂਆਂ ਦੀ ਰਹਿੰਦ-ਖੂੰਹਦ ਨੂੰ ਮੱਛੀ ਪਾਲਣ ਤਲਾਬ ਵਿੱਚ ਖਾਦ ਅਤੇ ਖ਼ੁਰਾਕ ਵਜੋਂ ਵਰਤਿਆ ਜਾ ਸਕਦਾ ਹੈ, ਜਿਸ ਨਾਲ ਵਾਤਾਵਰਣ ਵੀ ਸਾਫ਼ ਰਹਿੰਦਾ ਹੈ।

### ਤਲਾਬ ਦੇ ਕਿਨਾਰੇ ਹੋਵੇ ਬੱਤਖ ਘਰ

ਬੱਤਖ ਘਰ ਤਲਾਬ ਦੇ ਕਿਨਾਰੇ



ਬਣਾਉਣਾ ਚਾਹੀਦਾ ਹੈ ਤਾਂ ਜੋ ਬੱਤਖਾਂ ਦੀਆਂ ਬਿੱਠਾਂ ਤੇ ਫੀਡ ਸਿੱਧੀ ਪਾਣੀ ਵਿੱਚ ਡਿੱਗ ਸਕੇ। ਬੱਤਖ ਘਰ ਬਾਂਸ ਜਾਂ ਸਸਤੇ ਸਮਾਨ ਨਾਲ ਬਣਾਇਆ ਜਾ ਸਕਦਾ ਹੈ ਤੇ ਇਸ ਦਾ ਆਕਾਰ ਬੱਤਖਾਂ ਦੀ ਗਿਣਤੀ 'ਤੇ ਨਿਰਭਰ ਕਰਦਾ ਹੈ। ਸੰਯੁਕਤ ਮੱਛੀ ਤੇ ਬੱਤਖ ਪਾਲਣ ਲਈ ਖਾਕੀ ਕੈਂਪਬੈਲ (ਆਂਡੇ ਦੇਣ ਵਾਲੀਆਂ) ਕਿਸਮ ਨੂੰ ਤਰਜੀਹ ਦਿੱਤੀ ਜਾਂਦੀ ਹੈ। ਖਾਕੀ ਕੈਂਪਬੈਲ ਤੇ ਇੰਡੀਅਨ ਰਨਰ ਬੱਤਖਾਂ ਦੀਆਂ ਪ੍ਰਮੁੱਖ ਬੱਤਖਾਂ ਹਨ। ਇਕ ਹੈਕਟੇਅਰ ਮੱਛੀ ਪਾਲਣ ਤਲਾਬ ਲਈ ਬੱਤਖਾਂ ਦੀ ਗਿਣਤੀ ਲਗਪਗ 200-300 ਹੁੰਦੀ ਹੈ। ਬੱਤਖਾਂ ਦੀ ਖ਼ੁਰਾਕ 50% ਚੌਲਾਂ ਦੀ ਫੱਕ, 10% ਮੱਛੀ ਦਾ ਚੂਰਾ, 3% ਚੂਨਾ, 2% ਖਣਿਜ ਆਦਿ ਨੂੰ ਮਿਲਾ ਕੇ ਬਣਾਈ ਜਾਂਦੀ ਹੈ। ਇਸ ਤੋਂ ਇਲਾਵਾ ਵਿਟਾਮਿਨ ਤੇ ਕੈਲਸ਼ੀਅਮ ਲੋੜ ਅਨੁਸਾਰ ਅਤੇ ਅਜੋਲਾ (ਜਲਬੂਟੀ) ਕਦੇ ਵੀ ਸਿੱਧੇ ਤੌਰ 'ਤੇ ਦਿੱਤੀ ਜਾ ਸਕਦੀ ਹੈ। ਬੱਤਖਾਂ ਲਈ ਡਰਿੰਕਰ ਅਤੇ ਫੀਡਰ ਵੀ ਚੰਗੀ ਸੰਖਿਆ ਵਿੱਚ ਹੋਣੇ ਜ਼ਰੂਰੀ ਹਨ।

ਸੰਯੁਕਤ ਮੱਛੀ ਤੇ ਬੱਤਖ ਪਾਲਣ ਵਿੱਚ ਮੱਛੀਆਂ ਨੂੰ ਓਪਰੀ ਖ਼ੁਰਾਕ ਦੇਣ ਦੀ ਜ਼ਰੂਰਤ ਨਹੀਂ ਪੈਂਦੀ, ਜਦੋਂ ਕਿ ਬੱਤਖਾਂ ਦੀ ਖ਼ਰਾਕੀ ਰਹਿੰਦ-ਖੂੰਹਦ ਮੱਛੀ ਤਲਾਬ ਵਿੱਚ ਖ਼ੁਰਾਕ ਵਜੋਂ ਵਰਤੀ ਜਾਣ ਦੇ ਨਾਲ-ਨਾਲ ਬੱਤਖਾਂ ਦੀਆਂ ਵਿੱਠਾਂ ਤੋਂ ਤਲਾਬ ਵਿੱਚ ਪਲੈਂਕਟਨ (ਕੁਦਰਤੀ ਖ਼ੁਰਾਕ) ਵੀ ਨਿਰੰਤਰ ਬਣਦੀ ਰਹਿੰਦੀ ਹੈ। ਸੰਯੁਕਤ ਮੱਛੀ ਤੇ ਬੱਤਖ ਪਾਲਣ ਵਿੱਚ ਮੱਛੀਆਂ ਹਮੇਸ਼ਾਂ ਵੱਡੇ ਸਾਈਜ਼ (50-100 ਗ੍ਰਾਮ/3 ਇੰਚ ਤੋਂ ਵੱਡੀ) ਵਿੱਚ ਹੀ ਸੰਚਿਤ ਕਰਨਾ ਚਾਹੀਦਾ ਹੈ ਤਾਂ ਜੋ ਬੱਤਖ ਦੀ ਪਕੜ ਵਿੱਚ ਨਾ ਆ ਸਕਣ ਅਤੇ ਬੱਤਖ ਉਸ ਨੂੰ ਖਾ ਵੀ ਨਾ ਸਕੇ।

ਬੱਤਖਾਂ ਦਾ ਸ਼ੈੱਡ ਤਲਾਬ ਦੇ ਕੰਢੇ 'ਤੇ ਬਣਾਉਣਾ ਚਾਹੀਦਾ ਹੈ ਤਾਂ ਜੋ ਬੱਤਖਾਂ ਦਿਨ ਸਮੇਂ ਤਲਾਬ ਵਿੱਚ ਤੈਰਦੀਆਂ ਹੋਈਆਂ ਇਕ ਤਾਂ ਪਾਣੀ ਵਿੱਚ ਘੁਲੀ ਹੋਈ ਆਕਸੀਜਨ ਦਾ ਵਾਧਾ ਕਰਦੀਆਂ ਹਨ ਤੇ ਦੂਸਰਾ ਪਾਣੀ ਵਿਚਲੇ ਕੀੜਿਆਂ ਨੂੰ ਵੀ ਖ਼ਤਮ ਕਰਦੀਆਂ ਹਨ। ਇਸ ਤਰ੍ਹਾਂ ਦੇ ਸੰਯੁਕਤ ਪਾਲਣ ਵਿੱਚ ਬੱਤਖਾਂ ਨੂੰ ਨੇੜਲੇ ਖੇਤਾਂ ਵਿੱਚ ਜਾਣ ਤੋਂ ਰੋਕਣ ਲਈ ਜਾਲੀਨੁਮਾ ਵਾੜ ਵੀ ਲਗਾ ਦੇਣੀ ਚਾਹੀਦੀ ਹੈ।

### ਪੈਦਾਵਾਰ ਤੇ ਲਾਭ

- ★ 3-4 ਟਨ ਮੱਛੀ ਦੀ ਪੈਦਾਵਾਰ।
- ★ 18,000-20,000 ਬੱਤਖ ਦੇ ਆਂਡੇ।
- ★ 450-600 ਕਿਲੋਗ੍ਰਾਮ ਬੱਤਖ ਦਾ ਮੀਟ।
- ★ ਕੁੱਲ ਮੁਨਾਫ਼ਾ ਲਗਪਗ 1.25 ਲੱਖ ਪ੍ਰਤੀ ਏਕੜ ਹੈਕਟੇਅਰ।
- ★ ਇਸ ਕਿੱਤੇ ਨਾਲ ਮੱਛੀ ਤੇ ਬੱਤਖ ਦੋਵਾਂ ਨੂੰ ਫਾਇਦਾ ਹੁੰਦਾ ਹੈ।
- ★ ਵਧੀਆ ਤੇ ਪੌਸ਼ਟਿਕ ਭੋਜਨ।
- ★ ਵਾਤਾਵਰਣ ਦੀ ਸਫ਼ਾਈ।
- ★ ਜਗ੍ਹਾ ਦੀ ਸੁਚੱਜੀ ਵਰਤੋਂ।
- ★ ਵਧੇਰੇ ਮੁਨਾਫ਼ਾ।
- ★ ਪ੍ਰਤੀ ਰਕਬਾ ਵੱਧ ਉਤਪਾਦਨ।

# ਗਰਮੀਆਂ ਦੌਰਾਨ ਮੁਰਗੀਆਂ ਵੱਲ ਦਿਉ ਖਾਸ ਧਿਆਨ



ਮੁਰਗੀਆਂ ਪਸੀਨੇ ਦੀਆਂ ਗ੍ਰੰਥੀਆਂ ਦੀ ਅਣਹੋਂਦ ਕਾਰਨ, ਪੂਰੇ ਸਰੀਰ ਤੇ ਖੰਭਾਂ ਕਾਰਨ ਅਤੇ ਵੱਧ ਸਰੀਰਕ ਤਾਪਮਾਨ ਕਾਰਨ ਗਰਮੀਆਂ ਵਿੱਚ ਤਣਾਅ ਦਾ ਸ਼ਿਕਾਰ ਹੁੰਦੀਆਂ ਹਨ। ਗਰਮ ਰੁੱਤ ਵਿੱਚ ਜਿਵੇਂ-ਜਿਵੇਂ ਤਾਪਮਾਨ ਵੱਧਦਾ ਹੈ, ਪੰਛੀਆਂ ਵਿੱਚ ਘੱਟ ਵਿਕਾਸ ਦਰ, ਘੱਟ ਉਤਪਾਦਨ ਅਤੇ ਮੌਤ ਦਰ ਵਿੱਚ ਵਾਧਾ ਹੁੰਦਾ ਹੈ। ਆਮ ਤੌਰ ਤੇ ਮੁਰਗੀਆਂ 22-28 ਡਿਗਰੀ ਸੈਲਸੀਅਸ ਦੇ ਆਲੇ ਦੁਆਲੇ ਵਾਤਾਵਰਣ ਦੇ ਤਾਪਮਾਨ ਵਿੱਚ ਸਭ ਤੋਂ ਵੱਧ ਆਰਾਮਦਾਇਕ ਹੁੰਦੀਆਂ ਹਨ। ਜਦੋਂ ਤਾਪਮਾਨ ਇਸ ਤੋਂ ਉੱਪਰ ਜਾਂਦਾ ਹੈ ਤਾਂ ਉਨ੍ਹਾਂ ਵਿੱਚ ਸਾਹ ਲੈਣ ਦੀ ਦਰ ਵੱਧ ਜਾਂਦੀ ਹੈ, ਖ਼ੁਰਾਕ ਘੱਟ ਲੈਂਦੀਆਂ ਹਨ, ਪਾਣੀ ਵੱਧ ਪੀਂਦੀਆਂ ਹਨ, ਸੁਸਤ ਹੋ ਜਾਂਦੀਆਂ ਹਨ ਅਤੇ ਕਈ ਵਾਰ ਲੰਗੜਾ ਕੇ ਤੁਰਦੀਆਂ ਹਨ। ਗਰਮੀ ਦਾ ਟਾਕਰਾ ਕਰਨ ਲਈ ਕੁਝ ਜ਼ਰੂਰੀ ਨੁਕਤੇ ਹੇਠ ਲਿਖੇ ਹਨ-

★ ਮੁਰਗੀ ਘਰ ਵਿੱਚ ਪੰਛੀਆਂ ਦੀ ਗਿਣਤੀ ਸਰਦੀਆਂ ਦੇ ਮੁਕਾਬਲੇ 20 ਪ੍ਰਤੀਸ਼ਤ ਤੱਕ ਘਟਾ ਦੇਣੀ ਚਾਹੀਦੀ ਹੈ।

★ ਚੂਚੇ ਵੀ ਧਿਆਨ ਨਾਲ ਉਸ ਸਮੇਂ ਖਰੀਦੋ ਤਾਂ ਜੋ ਮੁਰਗੀਆਂ ਦੀ ਵੱਧ ਤੋਂ ਵੱਧ ਪੈਦਾਵਾਰ ਦਾ ਸਮਾਂ ਸਿਖ਼ਰ ਦੀ ਗਰਮੀ ਵੇਲੇ ਨਾ ਆਵੇ।

★ ਮੁਰਗੀਆਂ ਸਰੀਰ ਦਾ ਤਾਪਮਾਨ ਸਹੀ ਰੱਖਣ ਲਈ ਜ਼ਿਆਦਾ ਪਾਣੀ ਪੀਣ ਲੱਗ ਜਾਂਦੀਆਂ ਹਨ। ਸੋ ਠੰਡਾ ਪਾਣੀ ਹਰ ਸਮੇਂ ਉਨ੍ਹਾਂ ਲਈ ਮੌਜੂਦ ਹੋਣਾ ਚਾਹੀਦਾ ਹੈ। ਦਿਨ ਵੇਲੇ ਸਮੇਂ-ਸਮੇਂ ਤੇ ਪਾਣੀ ਬਦਲ ਦੇਣਾ ਚਾਹੀਦਾ ਹੈ।

★ ਮੁਰਗੀ ਸ਼ੈੱਡ ਦੇ ਕਿਸੇ ਵੀ ਕੋਨੇ ਤੋਂ ਲਗਭਗ 8 ਫੁੱਟ ਦੀ ਦੂਰੀ ਦੇ ਅੰਦਰ-ਅੰਦਰ ਪਾਣੀ ਹੋਣਾ ਜ਼ਰੂਰੀ ਹੈ। 40 ਪੰਛੀਆਂ ਲਈ ਘੱਟੋ-ਘੱਟ ਇੱਕ ਪਾਣੀ ਦਾ ਭਾਂਡਾ ਜ਼ਰੂਰ ਹੋਣਾ ਚਾਹੀਦਾ ਹੈ।

★ ਗਰਮ ਰੁੱਤ ਵਿੱਚ ਮੁਰਗੀਆਂ ਦੇ ਰਾਸ਼ਨ ਵਿਚ ਪ੍ਰੋਟੀਨ, ਖਣਿਜ ਅਤੇ ਵਿਟਾਮਿਨਾਂ ਮਾਤਰਾ ਵੀ ਵਧਾ ਦੇਣੀ ਚਾਹੀਦੀ ਹੈ, ਕਿਉਂਕਿ ਪੰਛੀ ਗਰਮੀ ਵਿੱਚ ਘੱਟ ਖਾਂਦੇ ਹਨ, ਜਿਸਦੇ ਫਲਸਰੂਪ ਖੁਰਾਕ ਵਿੱਚ ਮਿਲਣ ਵਾਲੇ ਜ਼ਰੂਰੀ ਤੱਤ ਵੀ ਘੱਟ ਜਾਂਦੇ ਹਨ।

★ ਜ਼ਿਆਦਾ ਗਰਮ ਦਿਨਾਂ ਵੇਲੇ ਸਵੇਰੇ-ਸਵੇਰੇ ਹੀ ਪੰਛੀਆਂ ਲਈ ਰੌਸ਼ਨੀ ਦਾ ਪ੍ਰਬੰਧ ਕਰ ਦਿਉ ਤਾਂ ਜੋ ਉਹ ਜ਼ਿਆਦਾ ਖੁਰਾਕ ਖਾ ਲੈਣ।

★ ਗਰਮੀ ਵਿੱਚ ਪੰਛੀਆਂ ਨੂੰ ਵਿਟਾਮਿਨ-ਸੀ ਅਤੇ ਬੀ-ਕੰਪਲੈਕਸ ਦੇਣਾ ਲਾਭਦਾਇਕ ਹੁੰਦਾ ਹੈ, ਇਸ ਲਈ 40-50 ਗ੍ਰਾਮ ਵਿਟਾਮਿਨ ਸੀ ਪ੍ਰਤੀ ਕਿਲੋ ਖੁਰਾਕ ਦੇ ਹਿਸਾਬ ਨਾਲ ਦਿਉ।

★ ਆਂਡਿਆਂ ਨੂੰ ਦਿਨ ਵਿੱਚ ਚਾਰ ਪੰਜ ਵਾਰ ਇਕੱਠਾ ਕਰੋ ਅਤੇ ਉਨ੍ਹਾਂ ਨੂੰ ਠੰਡਾ ਰੱਖਣ ਦਾ ਵੀ ਪ੍ਰਬੰਧ ਕਰੋ। ਅੰਡੇ ਦੇਣ ਵਾਲੀਆਂ ਮੁਰਗੀਆਂ ਲਈ 13-26 ਡਿਗਰੀ ਸੈਂਟੀਗ੍ਰੇਡ ਤੱਕ ਦਾ ਤਾਪਮਾਨ ਢੁੱਕਵਾਂ ਹੁੰਦਾ ਹੈ।

★ ਸ਼ੈੱਡ ਦੇ ਆਲੇ ਦੁਆਲੇ ਹਰਿਆਲੀ ਦਾ ਵੀ ਪ੍ਰਬੰਧ ਕਰੋ। ਸ਼ੈੱਡ ਦੀਆਂ ਖਿੜਕੀਆਂ ਤੇ ਗਿੱਲੀਆਂ ਪੱਲੀਆਂ ਲਟਕਾ ਦਿਉ ਅਤੇ ਸ਼ੈੱਡਾਂ ਅੰਦਰ ਪੱਖਿਆਂ ਦਾ ਵੀ ਪ੍ਰਬੰਧ ਕਰੋ।

ਮਧੂ ਸ਼ੈਲੀ ਅਤੇ ਗੁਰੰਸ਼ਪ੍ਰੀਤ ਸੇਠੀ, ਡਾਇਰੈਕਟੋਰੇਟ ਪਸਾਰ ਸਿੱਖਿਆ (ਮੋ. 96434-42427)

## ਬਰਸਾਤ ਰੁੱਤ ਵਿੱਚ

# ਭਿੰਡੀ ਦੀ ਸੁਚੱਜੀ ਕਾਸ਼ਤ

ਮਨੀਸ਼ਾ ਠਾਕੁਰ, ਮਮਤਾ ਪਾਠਕ ਅਤੇ ਨਿਸ਼ਾ ਸ਼ਰਮਾ, ਸਕੂਲ ਆਫ਼ ਆਰਗੈਨਿਕ ਅਤੇ ਨੈਚੁਰਲ ਫ਼ਾਰਮਿੰਗ, ਪੀ. ਏ. ਯੂ., ਲੁਧਿਆਣਾ (ਮੋਬਾਇਲ 85804-74170)

**ਭਿੰਡੀ ਗਰਮੀ ਅਤੇ ਬਰਸਾਤ ਰੁੱਤ ਦੀ ਇੱਕ ਅਹਿਮ ਫ਼ਸਲ ਹੈ। ਭਿੰਡੀ ਨੂੰ ਘਰੇਲੂ ਬਗੀਚੀ ਤੋਂ ਲੈ ਕੇ ਵਪਾਰਿਕ ਪੱਧਰ ਤੇ ਵੇਚਣ ਲਈ ਉਗਾਇਆ ਜਾਂਦਾ ਹੈ। ਭਿੰਡੀ ਵਿੱਚ ਵਿਟਾਮਿਨ, ਖਣਿਜ ਅਤੇ ਅਮੀਨੋ ਐਸਿਡ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਚੰਗਾ ਮੁਨਾਫ਼ਾ ਦੇਣ ਦੇ ਨਾਲ-ਨਾਲ ਭਿੰਡੀ ਇਕ ਘੱਟ ਲਾਗਤ ਵਾਲੀ ਫ਼ਸਲ ਹੈ ਜੋ ਇਸਨੂੰ ਖਾਸ ਤੌਰ ਤੇ ਛੋਟੇ ਅਤੇ ਜੈਵਿਕ ਕਿਸਾਨਾਂ ਲਈ ਢੁਕਵਾਂ ਬਣਾਉਂਦਾ ਹੈ। ਭਿੰਡੀ ਲਈ ਇੱਕ ਲੰਬਾ ਗਰਮ ਅਤੇ ਸਿੱਲ੍ਹਾ ਮੌਸਮ ਢੁਕਵਾਂ ਹੁੰਦਾ ਹੈ, ਇਸ ਲਈ ਬਰਸਾਤੀ ਮੌਸਮ ਦੀ ਭਿੰਡੀ ਤੋਂ ਕਿਸਾਨ ਵੱਧ ਪੈਦਾਵਾਰ ਲੈ ਸਕਦੇ ਹਨ। ਬਰਸਾਤ ਰੁੱਤ ਦੀ ਫ਼ਸਲ ਲਗਭਗ 45-60 ਦਿਨਾਂ ਵਿੱਚ ਤੁੜਾਈ ਯੋਗ ਹੋ ਜਾਂਦੀ ਹੈ। ਘੱਟ ਸਮੇਂ ਵਿੱਚ ਤਿਆਰ ਹੋਣ ਕਰਕੇ ਬਰਸਾਤ ਰੁੱਤ ਦੀ ਭਿੰਡੀ ਆਸਾਨੀ ਨਾਲ ਕਈ ਫ਼ਸਲੀ ਚੱਕਰਾਂ ਵਿੱਚ ਰਲ ਮਿਲ ਜਾਂਦੀ ਹੈ। ਬਰਸਾਤ ਰੁੱਤ ਦੀ ਭਿੰਡੀ ਦੀ ਸਫਲ ਕਾਸ਼ਤ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਿਫ਼ਾਰਿਸ਼ਾਂ ਕੀਤੀਆਂ ਉਤਪਾਦਨ ਤਕਨੀਕਾਂ ਦਾ ਵੇਰਵਾ ਇਸ ਲੇਖ ਵਿੱਚ ਦੱਸਿਆ ਗਿਆ ਹੈ।**



**ਮੌਸਮ ਅਤੇ ਜ਼ਮੀਨ :** ਭਿੰਡੀ ਦੀ ਫ਼ਸਲ ਦਾ ਵਾਧਾ ਬਰਸਾਤ ਰੁੱਤ ਵਿੱਚ ਜ਼ਿਆਦਾ ਹੁੰਦਾ ਹੈ। ਭਿੰਡੀ ਦੇ ਬੀਜ 20° ਡਿਗਰੀ ਸੈਂਟੀਗ੍ਰੇਡ ਤਾਪਮਾਨ ਤੋਂ ਥੱਲੇ ਨਹੀਂ ਪੁੰਗਰਦੇ ਅਤੇ ਪੁੰਗਰਨ ਵਾਸਤੇ ਢੁਕਵਾਂ ਤਾਪਮਾਨ 29° ਡਿਗਰੀ ਸੈਂਟੀਗ੍ਰੇਡ ਹੈ। ਭਿੰਡੀ ਹਰ ਤਰ੍ਹਾਂ ਦੀ ਜ਼ਮੀਨ ਵਿੱਚ ਪੈਦਾ ਕੀਤੀ ਜਾ ਸਕਦੀ ਹੈ ਪਰ ਜ਼ਮੀਨ ਭੁਰਭੁਰੀ ਹੋਣੀ ਚਾਹੀਦੀ ਹੈ। ਹਲਕੀ ਅਤੇ ਰੇਤਲੀ ਮੈਰਾ ਤੋਂ ਮੈਰਾ ਜ਼ਮੀਨ ਇਸ ਦੀ ਕਾਸ਼ਤ ਲਈ ਢੁਕਵੀਂ ਹੈ। ਭਿੰਡੀ ਹਲਕੀ ਤੇਜ਼ਾਬੀ ਜ਼ਮੀਨ ਵਿੱਚ ਹੋ ਸਕਦੀ ਹੈ ਜਿਸ ਦੀ ਪੀ ਐਚ 6.0 ਤੋਂ 6.8 ਹੋਵੇ।

**ਭਿੰਡੀ ਦੀ ਜੈਵਿਕ ਖੇਤੀ :** ਭਿੰਡੀ ਦੀ ਜੈਵਿਕ ਖੇਤੀ ਲਈ ਬਰਸਾਤ ਰੁੱਤ ਲਈ ਸਿਫ਼ਾਰਿਸ਼ ਕਿਸਮਾਂ ਵਿੱਚੋਂ ਕੋਈ ਵੀ ਕਿਸਮ ਬੀਜੀ ਜਾ ਸਕਦੀ ਹੈ ਜਿਵੇਂ ਕਿ ਪੰਜਾਬ ਲਾਲਿਮਾ, ਪੰਜਾਬ ਸੁਹਾਵਣੀ, ਪੰਜਾਬ-8, ਪੰਜਾਬ-7 ਅਤੇ ਪੰਜਾਬ ਪਦਮਨੀ। ਜੈਵਿਕ ਖੇਤੀ ਵਿੱਚ ਮਿੱਟੀ ਦੀ ਉਪਜਾਊ ਸ਼ਕਤੀ ਲਈ ਬਿਜਾਈ ਵੇਲੇ 3.6 ਟਨ ਗਲੀ ਸੜੀ ਸੁੱਕੀ ਰੂੜੀ ਦੀ ਖਾਦ (1.0% ਨਾਈਟ੍ਰੋਜਨ) ਪ੍ਰਤੀ ਏਕੜ ਪਾਉ। ਬਿਜਾਈ ਤੋਂ ਤੁਰੰਤ ਬਾਅਦ 36 ਕੁਇੰਟਲ ਝੋਨੇ ਦੀ ਪਰਾਲੀ ਪ੍ਰਤੀ ਏਕੜ ਇਕਸਾਰ ਵਿਛਾਓ। ਝੋਨੇ ਦੀ ਪਰਾਲੀ ਵਿਛਾਉਣ ਨਾਲ ਨਦੀਨਾਂ ਦੀ ਸਮੱਸਿਆ ਘੱਟ ਆਉਂਦੀ ਹੈ। ਬਚੇ ਹੋਏ ਨਦੀਨਾਂ ਲਈ ਲੋੜ ਅਨੁਸਾਰ ਇੱਕ ਗੋਡੀ ਕਰੋ। ਕੀੜੇ-ਮਕੌੜਿਆਂ ਦੀ ਰੋਕਥਾਮ ਲਈ ਲੋੜ ਪਵੇ ਤਾਂ ਨਿੰਮ ਆਧਾਰਿਤ ਬਾਇਓ-ਕੀਟਨਾਸ਼ਕ ਦੀ ਵਰਤੋਂ ਕਰੋ। ਤੇਲੇ ਅਤੇ ਚਿੱਟੀ ਮੱਖੀ ਲਈ 80 ਮਿਲੀਲਿਟਰ ਈਕੋਟੀਨ 5% (ਨਿੰਮ ਅਧਾਰਤ ਕੀਟਨਾਸ਼ਕ) ਜਾਂ 2.0 ਲਿਟਰ ਪੀ.ਏ.ਯੂ. ਘਰੇਲੂ ਨਿੰਮ ਦੇ ਘੋਲ ਦਾ ਛਿੜਕਾਅ ਕਰੋ। ਪੀ.ਏ.ਯੂ. ਨਿੰਮ ਦਾ ਘੋਲ ਤਿਆਰ ਕਰਨ ਲਈ ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿੰਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫ਼ਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ। ਇਸ ਤੋਂ ਇਲਾਵਾ ਲਾਲ ਮਕੌੜਾ ਜੂੰ ਲਈ 1600 ਮਿਲੀਲਿਟਰ ਧਰੇਕ ਦੇ ਘੋਲ ਦਾ ਛਿੜਕਾਅ 100 ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਧਰੇਕ ਦਾ ਘੋਲ ਤਿਆਰ ਕਰਨ ਲਈ ਚਾਰ ਕਿਲੋ ਧਰੇਕ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿੰਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫ਼ਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ। ਛਿੜਕਾਅ ਤੋਂ ਬਾਅਦ ਇੱਕ ਦਿਨ ਤੱਕ ਫ਼ਲ ਨਾ ਤੋੜੋ।

**ਬਰਸਾਤ ਰੁੱਤ ਦੀ ਬਿਜਾਈ ਲਈ ਢੁਕਵੀਆਂ ਉੱਨਤ ਕਿਸਮਾਂ**

**ਪੰਜਾਬ ਲਾਲਿਮਾ :** ਇਸ ਕਿਸਮ ਦੇ ਬੂਟੇ ਦਰਮਿਆਨੇ, ਤਣਾ ਗੂੜਾ ਲਾਲ, ਪੱਤੇ ਕਟਵੇਂ ਅਤੇ ਕਿਨਾਰੇ ਦੰਦਿਆਂ ਵਾਲੇ ਹੁੰਦੇ ਹਨ। ਇਸ ਦੇ ਫ਼ਲ ਗੂੜੇ ਲਾਲ, ਪਤਲੇ ਲੰਮੇ ਪੰਜ ਧਾਰੀਆਂ ਵਾਲੇ ਹੁੰਦੇ ਹਨ। ਇਹ ਕਿਸਮ ਵਿੱਚ ਐਂਥੋਸਾਇਨਿਨ ਅਤੇ ਆਇਓਡੀਨ ਦੀ ਮਾਤਰਾ ਵਧਰੇ ਹੁੰਦੀ ਹੈ। ਇਸ ਦਾ ਔਸਤ ਝਾੜ 50 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ ਅਤੇ ਇਸ ਕਿਸਮ ਵਿੱਚ ਪੀਲੀਏ ਰੋਗ ਨੂੰ ਸਹਿਣ ਦੀ ਸਮਰੱਥਾ ਹੁੰਦੀ ਹੈ।



**ਪੰਜਾਬ ਸੁਹਾਵਣੀ :** ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ, ਡੰਡੀ ਉੱਤੇ ਜਾਮਨੀ ਰੰਗ, ਪੱਤੇ ਡੂੰਘੇ ਕਟਵੇਂ, ਗੂੜ੍ਹੇ ਹਰੇ ਰੰਗ ਦੇ ਅਤੇ ਕਿਨਾਰੇ ਦੰਦਿਆਂ ਵਾਲੇ ਹੁੰਦੇ ਹਨ। ਇਸ ਦੇ ਫ਼ਲ ਦਰਮਿਆਨੇ ਲੰਮੇ, ਗੂੜ੍ਹੇ ਹਰੇ, ਨਰਮ ਅਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ। ਇਸ ਦਾ ਔਸਤ ਝਾੜ 49 ਕੁਇੰਟਲ ਪ੍ਰਤੀ ਏਕੜ ਹੈ ਅਤੇ ਇਹ ਕਿਸਮ ਵਿੱਚ ਪੀਲੀਏ ਰੋਗ ਨੂੰ ਸਹਾਰ ਸਕਣ ਦੀ ਸਮਰੱਥਾ ਹੁੰਦੀ ਹੈ।

**ਪੰਜਾਬ-8 :** ਇਸ ਕਿਸਮ ਦੇ ਬੂਟੇ ਦਰਮਿਆਨੇ ਉੱਚੇ, ਤਣੇ ਜਾਮਨੀ ਰੰਗ ਦੇ ਅਤੇ ਪੱਤੇ ਡੂੰਘੇ ਕੱਟਵੇਂ ਅਤੇ ਕਿਨਾਰੇ ਘੱਟ ਦੰਦਿਆਂ ਵਾਲੇ ਹੁੰਦੇ ਹਨ। ਇਸ ਦੇ ਫ਼ਲ ਸਪਤਲ, ਲੰਮੇ, ਗੂੜ੍ਹੇ ਹਰੇ ਰੰਗ ਦੇ ਅਤੇ ਪੰਜ ਨੁਕਰਾਂ ਵਾਲੇ ਹੁੰਦੇ ਹਨ। ਇਸ ਕਿਸਮ ਵਿੱਚ ਪੀਲੀਏ (ਵਿਸ਼ਾਣੂੰ ਰੋਗ) ਨੂੰ ਸਹਿਣ ਦੀ ਸਮਰੱਥਾ ਹੈ। ਇਹ ਕਿਸਮ ਜੈਸਿਡ ਤੇ ਚਿਤਕਬਰੀ ਸੁੰਡੀ ਦੇ ਹਮਲੇ ਨੂੰ ਕੁਝ ਹੱਦ ਤੱਕ ਸਹਾਰ ਸਕਦੀ ਹੈ। ਇਹ ਕਿਸਮ ਡੱਬਾਬੰਦੀ ਵਾਸਤੇ ਵੀ ਚੰਗੀ ਹੈ। ਇਸ ਦਾ ਔਸਤ ਝਾੜ 55 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ-7 :** ਇਸ ਦੇ ਬੂਟੇ ਦਰਮਿਆਨੇ ਉੱਚੇ, ਤਣੇ ਜਾਮਨੀ ਰੰਗ ਦੇ, ਪੱਤੇ ਡੂੰਘੇ ਕੱਟਵੇਂ, ਜਿਨ੍ਹਾਂ ਦੇ ਕਿਨਾਰੇ ਘੱਟ ਦੰਦਿਆਂ ਵਾਲੇ ਹੁੰਦੇ ਹਨ। ਇਸ ਕਿਸਮ ਦੇ ਫ਼ਲ ਦਰਮਿਆਨੇ ਲੰਮੇ, ਹਰੇ ਨਰਮ, ਪੰਜ ਧਾਰੀਆਂ ਵਾਲੇ ਅਤੇ ਫ਼ਲ ਦੀ ਨੋਕ ਖੁੰਢੀ ਹੁੰਦੀ ਹੈ। ਇਸ ਦਾ ਔਸਤ ਝਾੜ ਵੀ 45 ਕੁਇੰਟਲ ਪ੍ਰਤੀ ਏਕੜ ਹੈ ਅਤੇ ਇਸ ਕਿਸਮ ਵਿਚ ਪੀਲੀਏ (ਵਿਸ਼ਾਣੂੰ ਰੋਗ) ਨੂੰ ਸਹਿਣ ਦੀ ਸਮਰੱਥਾ ਹੈ।

**ਪੰਜਾਬ ਪਦਮਨੀ :** ਇਸ ਦੇ ਬੂਟੇ ਤੇ ਜਾਮਨੀ ਧੱਬੇ, ਇਸਦੇ ਪੱਤੇ ਲੂੰਆਂ ਵਾਲੇ ਅਤੇ ਫ਼ਲ ਤੇਜ਼ੀ ਨਾਲ ਵਧਣ ਵਾਲੇ, ਗੂੜ੍ਹੇ ਹਰੇ, ਪਤਲੇ ਲੰਮੇ ਅਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ ਜੋ ਕਿ ਜ਼ਿਆਦਾ ਦੇਰ ਤੱਕ ਨਰਮ ਰਹਿੰਦੇ ਹਨ। ਇਹ ਕਿਸਮ ਪਹਿਲੀ ਤੁੜਾਈ ਲਈ 60 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ। ਇਸ ਦਾ ਔਸਤ ਝਾੜ 45 ਕੁਇੰਟਲ ਪ੍ਰਤੀ ਏਕੜ ਹੈ।

**ਕਾਸ਼ਤ ਦੇ ਢੰਗ**

**ਬਿਜਾਈ ਦਾ ਸਮਾਂ, ਬੀਜ ਦੀ ਮਾਤਰਾ ਅਤੇ ਫ਼ਾਸਲਾ :** ਬਰਸਾਤ ਰੁੱਤ ਦੀ ਫ਼ਸਲ ਜੂਨ-ਜੁਲਾਈ ਵਿੱਚ ਬੀਜੀ ਜਾਂਦੀ ਹੈ ਅਤੇ ਇਸ ਲਈ 4-6 ਕਿਲੋ ਬੀਜ ਕਾਫੀ ਹੈ। ਚੰਗੇ ਜੰਮ ਲਈ ਬਿਜਾਈ ਤੋਂ ਪਹਿਲਾਂ ਬੀਜ ਨੂੰ 24 ਘੰਟੇ ਲਈ ਪਾਣੀ ਵਿੱਚ ਭਿਉਣਾ ਜ਼ਰੂਰੀ ਹੈ। ਇਸ ਦੀ ਬਿਜਾਈ ਜੂਨ-ਜੁਲਾਈ ਵਿੱਚ ਪੱਧਰ ਜ਼ਮੀਨ ਤੇ ਕਰਨੀ ਚਾਹੀਦੀ ਹੈ। ਕਤਾਰ ਤੋਂ ਕਤਾਰ ਦਾ ਫ਼ਾਸਲਾ 45 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 15 ਸੈਂਟੀਮੀਟਰ ਹੋਣਾ ਚਾਹੀਦਾ ਹੈ।

**ਖਾਦਾਂ :** ਬਿਜਾਈ ਤੋਂ ਪਹਿਲਾਂ ਜ਼ਮੀਨ ਦੀ ਵਾਹਾਈ ਕਰ ਕੇ 15-20 ਟਨ ਗਲੀ-ਸੜੀ ਰੂੜੀ ਨੂੰ ਚੰਗੀ ਤਰ੍ਹਾਂ ਜ਼ਮੀਨ ਵਿੱਚ ਰਲਾਉਣਾ ਚਾਹੀਦਾ ਹੈ। ਚੰਗਾ ਝਾੜ ਲੈਣ ਲਈ 36 ਕਿਲੋ ਨਾਈਟ੍ਰੋਜਨ (80 ਕਿਲੋ ਯੂਰੀਆ) ਪ੍ਰਤੀ ਏਕੜ ਆਮ ਜ਼ਮੀਨਾਂ ਵਾਸਤੇ ਸਿਫ਼ਾਰਸ਼ ਕੀਤੀ ਜਾਂਦੀ ਹੈ। ਅੱਧੀ ਯੂਰੀਆ ਬਿਜਾਈ ਵੇਲੇ ਅਤੇ ਅੱਧੀ ਪਹਿਲੀ ਤੁੜਾਈ ਤੋਂ ਬਾਅਦ ਪਾਓ।

**ਨਦੀਨਾਂ ਦੀ ਰੋਕਥਾਮ :** ਨਦੀਨਾਂ ਦੀ ਰੋਕਥਾਮ ਲਈ 3-4 ਗੋਡੀਆਂ ਜ਼ਰੂਰੀ ਹਨ। ਪਹਿਲੀ ਗੋਡੀ ਫ਼ਸਲ ਉੱਗਣ ਤੋਂ ਦੋ ਹਫ਼ਤੇ ਪਿੱਛੋਂ ਕਰੋ। ਇਸ ਪਿੱਛੋਂ ਗੋਡੀਆਂ 15 ਦਿਨਾਂ ਦੇ ਵਕਫ਼ੇ ਤੇ ਕਰਦੇ ਰਹੋ।



**ਸਿੰਚਾਈ :** ਬਿਜਾਈ ਚੰਗੇ ਵੱਤਰ ਵਾਲੀ ਜ਼ਮੀਨ ਵਿੱਚ ਕਰੋ। ਬਰਸਾਤ ਰੁੱਤ ਦੀ ਫ਼ਸਲ ਲਈ ਸਿੰਚਾਈ ਦੀ ਘੱਟ ਜ਼ਰੂਰਤ ਹੁੰਦੀ ਹੈ।

**ਤੁੜਾਈ, ਸਾਂਭ-ਸੰਭਾਲ ਅਤੇ ਮੰਡੀਕਰਨ :** ਕਿਸਮ ਅਤੇ ਮੌਸਮ ਮੁਤਾਬਕ ਭਿੰਡੀ ਦੀ ਫ਼ਸਲ ਬਿਮਾਰੀ ਤੋਂ ਲੱਗਭਗ 45-60 ਦਿਨਾਂ ਬਾਅਦ ਤੁੜਾਈ ਯੋਗ ਹੋ ਜਾਂਦੀ ਹੈ। ਨਰਮ ਫ਼ਲ ਜੋ ਲਗਭਗ 10 ਸੈਂਟੀਮੀਟਰ ਲੰਬੇ ਹੋਣ ਤਾਂ ਤੋੜ ਲਉ। ਆਮ ਤੌਰ ਤੇ 10-12 ਤੁੜਾਈਆਂ ਕੀਤੀਆਂ ਜਾ ਸਕਦੀਆਂ ਹਨ। ਭਿੰਡੀ ਦੇ ਭਰ ਮੌਸਮ ਵਿੱਚ ਤੁੜਾਈ ਥੋੜ੍ਹੇ ਵਕਫ਼ੇ ਤੇ ਕਰੋ।

**ਪੌਦ-ਸੁਰੱਖਿਆ**

**ਕੀੜੇ-ਮਕੌੜੇ**

**ਜੈਸਿਡ (ਤੇਲਾ) :** ਇਹ ਕੀੜਾ ਭਿੰਡੀ ਦੀ ਫ਼ਸਲ ਤੇ ਮਈ ਤੋਂ ਸਤੰਬਰ ਤੱਕ ਹਮਲਾ ਕਰਦੇ ਹਨ। ਜੈਸਿਡ ਦੇ ਹਮਲੇ ਕਾਰਨ ਪੱਤੇ ਉਪਰ ਵੱਲ ਮੁੜ ਕੇ ਠੂਠੀ ਬਣ ਜਾਂਦੇ ਹਨ ਅਤੇ ਫਿਰ ਸੁੱਕ ਕੇ ਝੜ ਜਾਂਦੇ ਹਨ। ਭਿੰਡੀ ਤੇ ਤੇਲੇ ਦੀ ਗਿਣਤੀ ਜਦੋਂ 4 ਬੱਚੇ ਪ੍ਰਤੀ ਪੱਤਾ ਹੋ ਜਾਵੇ ਤਾਂ ਇਸ ਦੀ ਰੋਕਥਾਮ ਲਈ 80 ਮਿਲੀਲਿਟਰ ਇਕੋਟਿਨ 5% (ਨਿੰਮ ਅਧਾਰਿਤ ਕੀਟਨਾਸ਼ਕ) ਜਾਂ 2000 ਮਿਲੀਲਿਟਰ ਪੀ. ਏ. ਯੂ. ਨਿੰਮ ਦੇ ਘੋਲ ਦਾ ਛਿੜਕਾਅ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਵੱਧ ਹਮਲਾ ਹੋਣ ਦੀ ਹਾਲਤ ਵਿੱਚ 40 ਮਿਲੀਲਿਟਰ ਕੋਨਫੀਡੋਰ 17.8 ਐਸ ਐਲ (ਇਮਿਡਾਕਲੋਪਰਿਡ) ਜਾਂ 40 ਗ੍ਰਾਮ ਐਕਟਾਰਾ 25 ਡਬਲਯੂ ਜੀ (ਥਾਇਆਮੇਥੋਕਸਮ) ਜਾਂ 560 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ। ਲੋੜ ਪੈਣ ਤੇ 15 ਦਿਨਾਂ ਦੇ ਅੰਤਰਾਲ ਨਾਲ ਦੁਬਾਰਾ ਛਿੜਕਾਅ ਕਰੋ। ਕੋਨਫੀਡੋਰ ਜਾਂ ਐਕਟਾਰਾ ਦੇ ਛਿੜਕਾਅ ਤੋਂ ਇੱਕ ਦਿਨ ਤੱਕ ਫ਼ਲ ਨਾ ਤੋੜੋ।

**ਚਿੱਟੀ ਮੱਖੀ :** ਚਿੱਟੀ ਮੱਖੀ ਭਿੰਡੀ ਵਿੱਚ ਵਿਸ਼ਾਣੂੰ ਰੋਗ ਫੈਲਾਉਂਦੀ ਹੈ। ਰੋਕਥਾਮ ਲਈ 80 ਮਿਲੀਲਿਟਰ ਇਕੋਟਿਨ 5% ਜਾਂ 2000 ਮਿਲੀਲਿਟਰ ਪੀ.ਏ.ਯੂ. ਨਿੰਮ ਦੇ ਘੋਲ ਦਾ ਛਿੜਕਾਅ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਕਰੋ। ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਖਾਲਿਆਂ ਦੀ ਵਟਾਂ ਅਤੇ ਖਾਲੀ ਥਾਂਵਾਂ ਵਿੱਚੋਂ ਚਿੱਟੀ ਮੱਖੀ ਨੂੰ ਪਨਾਹ ਦੇਣ ਵਾਲੇ ਨਦੀਨਾਂ ਨੂੰ ਨਸ਼ਟ ਕਰੋ। ਭਿੰਡੀ ਅਤੇ ਹੋਰ ਫ਼ਸਲਾਂ ਉੱਪਰ ਚਿੱਟੀ ਮੱਖੀ ਦੇ ਹਮਲੇ ਦਾ ਲਗਾਤਾਰ ਸਰਵੇਖਣ ਕਰਦੇ ਰਹੋ।

**ਲਾਲ ਮਕੌੜਾ ਜੂੰ (ਮਾਈਟ) :** ਇਹ ਪੱਤਿਆਂ ਤੇ ਹਮਲਾ ਕਰਕੇ ਰਸ ਚੂਸਦੀ ਹੈ। ਪੱਤਿਆਂ ਦੇ ਜਾਲੇ ਲੱਗ ਜਾਂਦੇ ਹਨ ਅਤੇ ਪੱਤੇ ਸੁੱਕ ਕੇ ਝੜ ਜਾਂਦੇ ਹਨ। ਮਾਈਟ ਦੀ ਰੋਕਥਾਮ ਲਈ 1600 ਮਿਲੀਲਿਟਰ ਧਰੇਕ ਦਾ ਘੋਲ ਦਾ ਛਿੜਕਾਅ ਜਾਂ 150 ਮਿਲੀਲਿਟਰ ਓਬਰੋਨ 22.9 ਐਸ ਸੀ (ਸਪਾਈਰੋਮੈਸੀਫਿਨ) ਦਾ ਛਿੜਕਾਅ 100 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਛਿੜਕਾਅ ਤੋਂ ਬਾਅਦ ਇੱਕ ਦਿਨ ਤੱਕ ਫ਼ਲ ਨਾ ਤੋੜੋ।

**ਬਿਮਾਰੀਆਂ**

**1. ਪੀਲੀਆ (ਵਿਸ਼ਾਣੂੰ) ਰੋਗ :** ਇਸ ਰੋਗ ਕਾਰਨ ਪੱਤੇ ਦੀਆਂ ਨਾੜਾਂ ਪੀਲੀਆਂ ਪੈ ਜਾਂਦੀਆਂ ਹਨ ਅਤੇ ਬਾਅਦ ਵਿੱਚ ਸਾਰਾ ਖੇਤ ਪੀਲਾ ਦਿਖਾਈ ਦਿੰਦਾ ਹੈ। ਇਸ ਰੋਗ ਦਾ ਟਾਕਰਾ ਕਰਨ ਵਾਲੀਆਂ ਪੰਜਾਬ ਪਦਮਨੀ ਜਾਂ ਪੰਜਾਬ-7 ਜਾਂ ਪੰਜਾਬ-8 ਕਿਸਮਾਂ ਬੀਜੋ। ਇਸ ਵਿਸ਼ਾਣੂੰ ਰੋਗ ਨੂੰ ਫੈਲਾਉਣ ਵਾਲੀ ਚਿੱਟੀ ਮੱਖੀ ਦੀ ਰੋਕਥਾਮ ਸਿਫ਼ਾਰਿਸ਼ ਕੀਟਨਾਸ਼ਕਾਂ ਨਾ ਕਰੋ।

**2. ਡੈਮਪਿੰਗ ਆਫ਼ (ਉਖੇੜਾ) :** ਇਸ ਰੋਗ ਨਾਲ ਬੂਟੇ ਉੱਗਣ ਤੋਂ ਪਹਿਲਾਂ ਤੇ ਪਿੱਛੋਂ ਮਰ ਜਾਂਦੇ ਹਨ। ਇਸ ਰੋਗ ਦੀ ਰੋਕਥਾਮ ਲਈ ਰੋਗ ਰਹਿਤ ਬੀਜ ਦੀ ਵਰਤੋਂ ਕਰਨਾ ਅਤਿ ਜ਼ਰੂਰੀ ਹੈ।

# ਰੁੱਖਾਂ ਦਾ ਮਹੱਤਵ ਭੁੱਲ ਬੈਠੇ ਹਨ ਪੰਜਾਬੀ



ਵੈਸੇ ਤਾਂ ਪੰਜਾਬ ਵਿਚ ਹਰ ਸਾਲ ਹਾੜ੍ਹੀ ਅਤੇ ਸਾਉਣੀ ਦੀ ਫਸਲ ਤੋਂ ਬਾਅਦ ਮੁੱਢ ਸਾੜਨ ਲਈ ਲਾਈ ਜਾਂਦੀ ਅੱਗ ਗਹਿਰੇ ਚਿੰਤਨ ਦਾ ਵਿਸ਼ਾ ਬਣਦੀ ਰਹੀ ਹੈ ਪਰ ਇਸ ਸਾਲ ਜਿਸ ਬੇਤਹਾਸ਼ਾਗੀ ਨਾਲ ਇਹ ਕਾਰਾ ਕੀਤਾ ਗਿਆ ਹੈ, ਉਸਸ ਨੇ ਹਰ ਚੇਤੰਨ ਵਿਅਕਤੀ ਨੂੰ ਸੋਚਣ ਲਾ ਦਿੱਤਾ ਹੈ। ਇਹ ਵਰਤਾਰਾ ਕਈ ਪੱਧਰਾਂ 'ਤੇ ਵਿਚਾਰਨਯੋਗ ਹੈ। ਸੁਆਲ ਪੈਦਾ ਹੁੰਦਾ ਹੈ ਕਿ, ਕਿ ਇਹ ਘੋਰ ਨਿਰਾਸ਼ਾ ਵਿਚੋਂ ਉਪਜਿਆ ਅਮਲ ਹੈ ਜਾਂ ਅਗਿਆਨਤਾ ਅਤੇ ਬੇਪਰਵਾਹੀ ਵਿਚੋਂ। ਇਹ ਮਜਬੂਰੀ ਹੈ ਜਾਂ ਮਗਰੂਰੀ ? ਕੀ ਇਹ 'ਜਿਸ ਖੇਤ ਦਹਿਕਾਂ ਕੋ ਮੁਯੱਸਰ ਨਾ ਹੋ ਰੋਜ਼ੀ, ਉਸ ਖੇਤ ਕੇ ਹਰ ਗੋਸ਼ਾ-ਏ-ਗੰਦਮ ਕੋ ਜਲਾ ਡਾਲੋ' ਵਿਚੋਂ ਉਪਜਿਆ ਹੈ ਜਾਂ ਇਹ ਘੋਰ ਪਦਾਰਥਵਾਦ ਦੀ ਹੋੜ ਵਿਚੋਂ ਉੱਭਰਿਆ ਵਰਤਾਰਾ ਹੈ ? ਬਹੁ-ਗਿਣਤੀ ਇਹ ਮਹਿਸੂਸ ਕਰਦੀ ਹੈ ਕਿ ਇਸ ਵਰਤਾਰੇ ਵਿਚੋਂ ਇਹ ਤੱਥ ਸਾਫ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਅਸੀਂ ਆਪਣੀ ਲਾਭ-ਪ੍ਰਾਪਤੀ-ਕੇਂਦਰਿਤ ਸੋਚ ਅਧੀਨ ਸਭਿਆਚਾਰਕ ਵਿਰਾਸਤੀ ਕਦਰਾਂ ਕੀਮਤਾਂ ਅਤੇ ਆਪਣੇ ਧਾਰਮਿਕ ਅਕੀਦਿਆਂ ਨੂੰ ਦੂਰ ਪਰ੍ਹਾਂ ਵਗਾਅ ਮਾਰਿਆ ਹੈ। ਜਿਸ ਕਦਰ ਅਸੀਂ ਵਾਤਾਵਰਨ ਨਾਲ ਖਿਲਵਾੜ ਕਰ ਰਹੇ ਹਾਂ ਕੌਣ ਮੰਨੇਗਾ ਕਿ ਅਸੀਂ ਉਸ ਗੁਰੂ ਦੇ ਸਿੱਖ ਹਾਂ ਜਿਸ ਫੁਰਮਾਇਆ ਸੀ, 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ॥ ਸਾਡੇ ਗੁਰੂਆਂ ਨੇ ਤਾਂ ਪਰਮਾਤਮ-ਪਿਤਾ ਅਤੇ ਉਸਦੀ ਇਸ ਸਿਰਜਣਾ ਨੂੰ ਇੱਕ ਰੁੱਖ-ਰੂਪੀ ਹਸਤੀ ਨਾਲ ਤਸ਼ਬੀਹ ਦੇਂਦਿਆਂ ਕਿਹਾ ਸੀ, 'ਤੂੰ ਪੇਡੁ ਸਾਖ ਤੇਰੀ ਫੂਲੀ'।

**ਡਾ. ਆਸਾ ਸਿੰਘ ਘੁੰਮਣ,**
**ਪਿੰਡ ਤੇ ਡਾਕ : ਨਡਾਲਾ,**
**ਜ਼ਿਲ੍ਹਾ ਕਪੂਰਥਲਾ**
**ਮੋਬਾਈਲ : 97798-53245**

ਅਸੀਂ ਭੁੱਲ ਹੀ ਗਏ ਹਾਂ ਕਿ ਸਾਡਾ ਜੀਵਨ ਕੁਦਰਤ ਦੀ ਸਾਜੀ ਇਸ ਸ੍ਰਿਸ਼ਟੀ ਦਾ ਹੀ ਇਕ ਹਿੱਸਾ ਹੈ। ਰੁੱਖ, ਬਿਰਖ, ਦਰਖਤ ਜਾਂ ਤਰਵਰ ਸਾਡਾ ਜੀਵਨ ਸਰੋਤ ਹਨ, ਕਿਉਂਕਿ ਅਸੀਂ ਸਾਹਧਾਰੀ ਜੀਵ ਇਨ੍ਹਾਂ ਰੁੱਖਾਂ ਵਲੋਂ ਬਖ਼ਸ਼ੀ ਆਕਸੀਜਨ ਦੀ ਬਦੌਲਤ ਹਾਂ। ਇਹ ਰੁੱਖ ਅਸੀਮ ਬਰਕਤਾਂ ਬਖ਼ਸ਼ਣ ਵਾਲੇ ਹਨ, ਆਪਣੇ ਨਿਰਬਾਹ ਲਈ ਇਹ ਸਾਥੋਂ ਕੁੱਝ ਖਾਸ ਨਹੀਂ ਮੰਗਦੇ ਪਰ ਮੁੱਦਤਾਂ ਤੱਕ ਆਪਣੀ ਜੀਵਨ ਕਿਰਿਆ ਦੌਰਾਨ ਸਾਨੂੰ ਅਨੇਕਾਂ ਦਾਤਾਂ ਪ੍ਰਦਾਨ ਕਰਦੇ ਹਨ। ਇਹ ਤਾਂ ਉਸ ਲੱਕੜਹਾਰੇ ਨੂੰ ਵੀ ਛਾਂ ਬਖ਼ਸ਼ਦੇ ਹਨ ਜੋ ਇਨ੍ਹਾਂ ਨੂੰ ਵੱਢਣ ਆਉਂਦਾ ਹੈ। ਪਹਿਲੀ ਗੱਲ ਤਾਂ ਕੁਦਰਤ ਨੇ ਸਾਨੂੰ ਬਹੁਤ ਸਾਰੇ ਜੰਗਲ ਦਿੱਤੇ ਹੀ ਨਹੀਂ ਸਨ ਕਿਉਂਕਿ ਸਾਡਾ ਖੇਤਰ ਮੈਦਾਨੀ ਹੈ, ਪਰ ਵੱਧ ਉਪਜ ਦੀ ਹੋੜ ਵਿਚ ਅਸੀਂ ਕੁਦਰਤ ਵਲੋਂ ਬਖ਼ਸ਼ੇ ਰੁੱਖਾਂ ਦਾ ਖੂਬ ਵਢਾਂਗਾ ਕੀਤਾ ਅਤੇ ਲੱਗੇ ਹੋਏ ਬਾਗਾਂ ਨੂੰ ਵੀ ਹੌਲੀ-ਹੌਲੀ ਖਤਮ ਕਰ ਦਿੱਤੇ। ਬਾਗ ਜੋ ਕਿ ਪ੍ਰਕਿਰਤੀ ਦਾ ਅਤਿ ਮਨ-ਲੁਭਾਉਣਾ ਸੰਕੁਚਿਤ-ਸੰਸਾਰ ਸੀ। ਇਸ ਸਾਵੇ ਸੰਸਾਰ ਵਿਚ ਬਨਸਪਤੀ ਵੀ ਸੀ, ਜੀਵ-ਜੰਤੂ ਵੀ ਸਨ, ਰੌਣਕ-ਮੇਲੇ ਵੀ ਹੈ ਸਨ। ਵਣ-ਤ੍ਰਿਣ, ਜੀਵ-ਜੰਤੂ, ਆਬੋ-ਹਵਾ ਸਭੇ ਸੰਜੀਵਾਲ ਸਦਾਇਨ ਹੋ ਜਾਂਦੇ ਸਨ। ਖਾਸ ਤੌਰ 'ਤੇ ਜੇ ਬਾਗ ਪਿੰਡ ਦੇ ਲਾਗੇ-ਚਾਗੇ ਹੋਵੇ, ਤਾਂ ਗਰਮੀ ਦੇ ਦਿਨਾਂ ਵਿਚ ਕਿਆ ਵਾਤਾਵਰਨ-ਦੋਸਤਾਨਾ ਸੰਸਾਰ ਸਿਰਜਿਆ ਜਾਂਦਾ ਸੀ। ਕਾਂ-ਕਬੂਤਰ-ਤੋਤੇ ਆਦਿ ਆਪਣਾ ਆਪਣਾ ਰਾਗ ਅਲਾਪਦੇ, ਚੰਬੇ-ਮਰੂਏ ਦੇ ਫੁੱਲ ਜਵਾਨੀ ਨੂੰ ਨਸ਼ਿਆਉਂਦੇ, ਮੋਰ ਪੈਲਾਂ ਪਏ ਪਾਉਂਦੇ, ਨਿਆਣੇ ਗਿੱਦੜ-ਟਿੱਲਾ ਅਤੇ ਲੁਕਣ-ਮੀਚੀ ਪਏ ਖੇਡਦੇ, ਜਵਾਨੀ ਪੀਂਘ-ਹੁਲਾਰੇ ਲੈਂਦੀ ਅਤੇ ਬੁਢਾਪਾ ਰੁੱਖਾਂ ਦਾ ਵਾਸਣਾ ਲਾਈ ਛਾਂ ਦਾ ਸੁੱਖ ਮਾਣਦਿਆਂ ਦੁਪਹਿਰੇ ਘੁਰਾੜੇ ਮਾਰ ਲੈਂਦਾ।

ਅਸੀਂ ਪੰਜਾਬੀ ਪੁੰਨ ਅਤੇ ਪਾਪ ਦਾ ਧਾਰਨੀ ਹੋ ਕੇ ਬੜਾ ਸਹਿਜ ਜੀਵਨ ਜੀਵੀ ਜਾਂਦੇ ਸਾਂ। ਸਾਡੇ ਬਜ਼ੁਰਗ ਤਾਂ ਰਾਤ ਨੂੰ ਰੁੱਖ ਦੀ ਟਹਿਣੀ ਨੂੰ ਹਲਾਉਣ ਤੱਕ ਨਹੀਂ ਸਨ ਦਿੰਦੇ, ਕਹਿੰਦੇ ਸਨ ਰੁੱਖ ਸੌਂ ਰਹੇ। ਇਸ ਨੂੰ ਪ੍ਰੇਸ਼ਾਨ ਕਰਨ ਵਾਲੇ ਨੂੰ ਪਾਪ ਲਗਦਾ ਹੈ। ਪਿੱਪਲ ਅਤੇ ਬੋਹੜ ਦੇ ਵੱਡ-ਆਕਾਰੀ ਰੁੱਖਾਂ ਨੂੰ ਤਾਂ ਬਜ਼ੁਰਗਾਂ ਵਾਲਾ ਪਿਆਰ-ਸਤਿਕਾਰ ਮਿਲਦਾ ਸੀ। ਇਨ੍ਹਾਂ ਰੁੱਖਾਂ ਕੋਲੋਂ ਗੁਜ਼ਰਨ ਲੱਗਿਆਂ ਔਰਤਾਂ ਇੰਝ ਘੁੰਡ ਕੱਢ ਲੈਂਦੀਆਂ ਸਨ ਜਿਵੇਂ ਬਜ਼ੁਰਗਾਂ ਕੋਲੋਂ ਕੱਢੀਦਾ ਹੈ। ਪਿੱਪਲ ਨੂੰ ਤਾਂ ਸਭ ਤੋਂ ਵੱਧ ਮਹਾਤਮ ਮਿਲਦਾ ਸੀ।



ਪੁਰਾਤਨ ਸਮਿਆਂ ਵਿਚ ਗੁਰਦੁਆਰਿਆਂ, ਮੰਦਰਾਂ, ਧਰਮਸ਼ਾਲਾਵਾਂ ਅਤੇ ਜਨਤਕ ਸਥਾਨਾਂ 'ਤੇ ਖਾਸ ਤੌਰ 'ਤੇ ਸ਼ਮਸ਼ਾਨ-ਭੂਮੀ ਵਿਚ ਪਿੱਪਲ ਲਾਇਆ ਜਾਂਦਾ ਜੋ ਵੱਡ-ਅਕਾਰੀ ਹੋਣ ਕਰਕੇ ਵਡੇਰੀ-ਘਨੇਰੀ ਛਾਂ ਵੀ ਬਖ਼ਸ਼ਦਾ ਸੀ ਅਤੇ ਰਾਤ ਵੇਲੇ ਵੀ ਆਕਸੀਜਨ ਛੱਡ ਕੇ ਅਤੇ ਕਾਰਬਨ ਡਾਇਆਕਸਾਈਡ ਨਿਗਲ ਕੇ ਸਾਡੀ ਸਾਹ ਪ੍ਰਕਿਰਿਆ ਵਿਚ ਵੱਡਾ ਸਹਾਇਕ ਬਣਦਾ ਸੀ। ਸ਼ਾਇਦ ਇਹੀ ਵਜ੍ਹਾ ਹੈ ਕਿ ਪਿੱਪਲ ਨੂੰ ਤਾਂ ਦੇਵਤਾ ਮੰਨਿਆ ਜਾਣ ਲੱਗਾ ਅਤੇ ਪੂਜਿਆ ਜਾਣ ਲੱਗਾ। ਪੰਜਾਬੀ ਏਨੇ ਸੰਸਕਾਰੀ ਲੋਕ ਸਨ ਕਿ ਪਿੱਪਲ ਦਾ ਰੁੱਖ ਵੱਢਣਾ ਜਾਂ ਇਸਦਾ ਬਾਲਣ ਬਾਲਣਾ ਪਾਪ ਸਮਝਦੇ ਸਨ। ਪਿੱਪਲ ਦਾ ਹਰ ਹਿੱਸਾ ਪਵਿੱਤਰ ਮੰਨਿਆ ਜਾਂਦਾ ਸੀ :

ਪੱਤੇ ਪੱਤੇ ਗੋਵਿੰਦ ਬੈਠਾ
ਟਾਹਣੀ ਟਾਹਣੀ ਦੇਵਤਾ
ਮੁੱਢ 'ਤੇ ਸ੍ਰੀ ਕ੍ਰਿਸ਼ਨ ਬੈਠਾ
ਧੰਨ ਬ੍ਰਹਮਾ ਦੇਵਤਾ

ਪੰਜਾਬੀ ਮਾਨਸਿਕਤਾ ਵਿਚ ਰੁੱਖ ਸਿਰਫ ਏਸ ਕਰਕੇ ਮਹੱਤਵਪੂਰਨ ਨਹੀਂ ਸਨ ਕਿ ਰੁੱਖ ਦੁਨਿਆਵੀ ਕੰਮਾਂ-ਕਾਰਾਂ ਕਰਕੇ ਉਪਯੋਗੀ ਹੁੰਦੇ ਸਨ ਜਾਂ ਹਨ ਬਲਕਿ ਏਸ ਕਰਕੇ ਮਹੱਤਵਪੂਰਨ ਸਨ ਕਿ ਉਹ ਇਸ ਸ੍ਰਿਸ਼ਟੀ ਦਾ ਅਹਿਮ ਅੰਗ ਹਨ। ਰੁੱਖ 'ਹੈਣ'-ਬੱਸ ਇਹੀ ਮਹੱਤਵਪੂਰਨ ਹੈ। ਉਨ੍ਹਾਂ ਦੀ ਹੋਂਦ ਇਸ ਕਾਇਨਾਤ ਵਿਚ ਦਰਵੇਸ਼ਾਂ ਵਰਗੀ ਸਮਝੀ ਜਾਂਦੀ ਸੀ। ਪੰਜਾਬੀਆਂ ਦੀ ਰੁੱਖ-ਪ੍ਰੇਮੀ ਮਾਨਸਿਕਤਾ ਸਾਡੇ ਲੋਕਧਾਰਾ (ਫੋਕ-ਲੋਰ) ਵਿਚ ਉੱਭਰ-ਉੱਭਰ ਪੈਂਦੀ ਹੈ। ਪੰਜਾਬੀ ਸਾਹਿਤ, ਮੁਹਾਵਰਿਆਂ, ਅਖਾਉਤਾਂ, ਰਹੁ-ਰੀਤਾਂ, ਲੋਕ-ਬੁਝਾਰਤਾਂ ਆਦਿ ਵਿਚ ਰੁੱਖ ਇਕ ਜਿਉਂਦਾ-ਜਾਗਦਾ, ਹੱਸਦਾ-ਰੱਸਦਾ, ਮਹਿਸੂਸਦਾ-ਵਿਗਸਦਾ ਪਾਤਰ ਨਜ਼ਰ ਆਉਂਦਾ ਹੈ। ਰੁੱਖ ਦੇਵਤਾ ਹੈ, ਪੂਜਣ-ਯੋਗ ਹੈ, ਬਖਸ਼ਣ-ਸਮਰੱਥ ਹੈ। ਉਸ ਦਾ ਛੋਟਾ ਰੂਪ ਪੁੱਤਰਾਂ ਵਰਗਾ ਹੈ, ਜਿਸ 'ਤੇ ਮੋਹ-ਪਿਆਰ ਆਉਂਦਾ ਹੈ। ਉਸ ਦਾ ਗਭਰੇਟਾ ਰੂਪ ਹਾਣੀਆਂ-ਮਿੱਤਰਾਂ ਵਰਗਾ ਹੈ, ਜਿਸ ਨਾਲ ਦਿਲ ਦੀਆਂ ਬਾਤਾਂ ਛੋਹੀਆਂ ਜਾ ਸਕਦੀਆਂ ਹਨ। ਰੁੱਖ ਦਾ ਵੱਡ-ਵਡੇਰਾ ਰੂਪ ਬਜ਼ੁਰਗਾਂ ਵਰਗਾਂ ਹੈ, ਜਿਸ ਕੋਲੋਂ ਦਾਤਾਂ ਮੰਗੀਆਂ ਜਾਂਦੀਆਂ ਹਨ ਅਤੇ ਜਿਸ ਤੋਂ ਭੁੱਲਾਂ ਬਖਸ਼ਾਈਆਂ ਜਾਂਦੀਆਂ ਹਨ। ਪੂਜਾ ਕੀਤੀ ਜਾਂਦੀ ਹੈ ਅਤੇ ਥਾਪਨਾ ਦੀ ਯਾਚਨਾ ਕੀਤੀ ਜਾਂਦੀ ਹੈ।

ਪਰ ਅਫ਼ਸੋਸ ! ਅੱਜ ਦੇ ਸਮਿਆਂ ਵਿਚ ਬੜਾ ਅਜੀਬ ਲੱਗਦਾ ਹੈ ਕਿ ਅਸੀਂ ਕਿਹੜੀ 'ਆਧੁਨਿਕਤਾ' ਅਧੀਨ ਆਪਣੇ ਆਪ ਨੂੰ 'ਉਨਤਸ਼ੀਲ' ਅਖਵਾਉਂਦੇ ਹਾਂ। ਲੱਖ ਲਾਹਨਤ ਹੈ ਅਜਿਹੀ ਪਦਾਰਥਵਾਦੀ ਸੋਚ ਦੇ ਜੋ ਸਾਨੂੰ ਕੁਦਰਤ ਪ੍ਰਤੀ ਏਨੀ ਸੰਵੇਦਨਹੀਣ ਅਤੇ ਬੇਰੁਖ ਬਣਾ ਦੇਂਦੀ ਹੈ ਕਿ ਅਸੀਂ ਆਪਣੇ ਜ਼ਿੰਦਗੀ-ਸਰੋਤਾਂ ਨੂੰ ਹੀ ਲਾਂਬੂ ਲਾਈ ਜਾਂਦੇ ਹਾਂ। ਕੰਪਿਊਟਰ-ਯੁੱਗ ਵਿਚ ਰੁੱਖਾਂ ਨਾਲ ਕਦੀਮੀ ਸਾਂਝ ਟੁੱਟਣ ਦੀ ਗੱਲ ਤਾਂ ਸਮਝ ਆਉਂਦੀ ਹੈ। 'ਬੂਟਾ ਅੰਬੀ ਦਾ' ਹੁਣ ਸਾਡੇ 'ਵਿਹੜੇ ਦਾ ਗਹਿਣਾ' ਨਾ ਰਵ੍ਹੇ, 'ਉਸ ਥੱਲੇ ਬਹਿਣਾ' 'ਸੁਰਗੀ ਵਿਚ ਰਹਿਣਾ' ਨਾ ਵੀ ਰਵੇ, ਕੋਈ ਅਚੰਭੇ ਵਾਲੀ ਗੱਲ ਨਹੀਂ ਪਰ ਅਸੀਂ ਬਿਰਖ-ਬੂਟਿਆਂ ਨੂੰ ਮੁਆਤਾ ਲਾਈ ਜਾਈਏ ਜਾਂ ਬਲਦੇ ਬਿਰਖ ਦੇ ਮਾਤਮ ਵਿਚ ਹਾਅ ਦਾ ਨਾਅਰਾ ਤੱਕ ਨਾ ਮਾਰੀਏ, ਇਹ ਤਾਂ ਗੁਰੂ ਦੇ ਪਿਆਰਿਆਂ ਤੋਂ ਉਮੀਦ ਨਹੀਂ ਕੀਤੀ ਜਾਂਦੀ। ਰੁੱਖ ਸਿਰਫ ਰੁੱਖ ਹੀ ਨਹੀਂ ਹੁੰਦਾ, ਉਹ ਉਸ ਪਰਮਾਤਮਾ ਦੇ ਉਪਜਾਏ ਜੀਵ-ਜੰਤੂਆਂ ਦਾ ਘਰ-ਸੰਸਾਰ ਵੀ ਹੁੰਦਾ ਹੈ :

ਤਰਵਰ ਪੰਖੀ ਬਹੁ ਨਿਸਿ ਬਾਸੁ ॥

ਸਾਨੂੰ ਇਸ 'ਲਾਭ-ਹਿਤਕਾਰੀ ਆਧੁਨਿਕਤਾ' ਨਾਲੋਂ ਉਹ 'ਪੁਰਾਤਨਤਾ' ਕਿਤੇ ਵੱਧ ਭਾਉਂਦੀ ਹੈ, ਜਦੋਂ ਸਾਡਾ ਅੰਨ-ਦਾਤਾ ਆਪਣੇ ਨਾਲੋਂ ਕਿਤੇ ਵੱਧ ਦੂਜੇ ਬਾਰੇ ਸੋਚਦਾ ਸੀ ਅਤੇ ਖੇਤ ਤਿਆਰ ਹੋਣ ਉਪਰੰਤ ਬੀਜ ਦਾ ਛਿੱਟਾ ਮਾਰਨ ਲੱਗਿਆਂ ਖੁਦਾਵੰਦ ਦਾ ਨਾਂ ਭਾਵੇਂ ਲਵੇ ਜਾਂ ਨਾ ਲਵੇ ਪਰ ਉਸ ਦੀ ਖਲਕਤ ਅਤੇ ਮਖਲੂਕ ਬਾਰੇ ਅਵੱਸ਼ ਸੋਚਦਾ ਸੀ ਅਤੇ ਆਪਣੇ ਪਰਿਵਾਰ ਦਾ ਭਲਾ ਉਹ ਸਰਬੱਤ ਦੇ ਭਲੇ ਵਿਚੋਂ ਹੀ ਭਾਲਦਾ ਸੀ :

ਜੀਅ-ਜੰਤ ਦੇ ਭਾਗੀਂ,
ਆਏ-ਗਏ ਦੇ ਭਾਗੀਂ
ਚਿੜੀ-ਚੜੂੰਗੇ ਦੇ ਭਾਗੀਂ
ਡੰਗਰ-ਵੱਛੇ ਦੇ ਭਾਗੀਂ
ਰਾਹੀ-ਪਾਂਧੀ ਦੇ ਭਾਗੀਂ
ਹਾਲੀ-ਪਾਲੀ ਦੇ ਭਾਗੀਂ
ਸੀਰੀ-ਸਾਂਝੀ ਦੇ ਭਾਗੀਂ
ਸਕੇ-ਸੰਬੰਧੀ ਦੇ ਭਾਗੀਂ
ਅਤੇ (ਅਖੀਰ ਵਿਚ)
ਘਰ-ਪਰਿਵਾਰ ਦੇ ਭਾਗੀਂ

# ਅਮਰ ਵੇਲ - ਇੱਕ ਜਾਦੂਈ ਪੌਦਾ

ਕਈ ਜਗ੍ਹਾ ਦਰੱਖਤਾਂ ਉੱਤੇ ਜਾਂ ਵਾੜਾਂ ਉੱਪਰ, ਹਲਕੇ ਪੀਲੇ ਅਤੇ ਹਰੇ ਰੰਗ ਦੇ ਮੋਟੇ ਧਾਗਿਆਂ ਵਰਗੀ ਵੇਲ ਚੜ੍ਹੀ ਹੁੰਦੀ ਹੈ, ਇਸ ਨੂੰ ਪੰਜਾਬ ਵਿੱਚ ਅਮਰ ਵੇਲ ਜਾਂ ਆਕਾਸ਼ ਵੇਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਨੂੰ ਡੋਡਰ ਵੀ ਕਹਿੰਦੇ ਹਨ। ਇਸ ਦਾ ਵਿਗਿਆਨਕ ਨਾਮ ਕਸਕਿਊਟਾ ਹੈ। ਇਹ ਇੱਕ ਅਜਿਹਾ ਪੌਦਾ ਹੈ, ਜਿਸ ਦੇ ਨਾ ਤਾਂ ਪੱਤੇ ਹੁੰਦੇ ਹਨ ਅਤੇ ਨਾ ਹੀ ਇਸ ਵਿੱਚ ਕਲੋਰੋਫਿਲ ਹੁੰਦਾ ਹੈ। ਇਸ ਲਈ ਇਹ ਪੌਦਾ ਪ੍ਰਕਾਸ਼ ਸੰਸ਼ਲੇਸ਼ਣ ਲਈ ਸਮਰੱਥ ਨਹੀਂ ਹੁੰਦਾ। ਜਿੱਥੇ ਬਾਕੀ ਪੌਦੇ ਆਪਣਾ ਭੋਜਨ ਆਪ ਤਿਆਰ ਕਰਦੇ ਹਨ, ਉੱਥੇ ਇਹ ਇੱਕ ਵੱਖਰੀ ਕਿਸਮ ਦਾ ਪੌਦਾ ਹੈ, ਜੋ ਇੱਕ ਪਰਜੀਵੀ ਦੇ ਤੌਰ 'ਤੇ ਦੂਜੇ ਪੌਦਿਆਂ ਤੋਂ ਆਪਣੀ ਖੁਰਾਕ ਲੈਂਦਾ ਹੈ। ਜਿਵੇਂ ਬਾਕੀ ਪੌਦੇ ਆਪਣੀਆਂ ਜੜ੍ਹਾਂ ਮਿੱਟੀ ਵਿੱਚ ਸਥਾਪਿਤ ਕਰਕੇ ਪਾਣੀ ਅਤੇ ਖੁਰਾਕੀ ਤੱਤ ਮਿੱਟੀ ਵਿੱਚੋਂ ਸੋਖਦੇ ਹਨ, ਇਸ ਪੌਦੇ ਵਿੱਚ ਹੌਸਟੋਰੀਆ ਨਾਮਕ ਕੰਡੇ ਜਿਹੇ ਹੁੰਦੇਹਨ, ਜਿਹਨਾਂ ਨੂੰ ਇਹ ਕਿਸੇ ਦੂਜੇ ਪੌਦੇ ਵਿੱਚ ਖੋਭ ਕੇ ਉਸ ਪੌਦੇ ਤੋਂ ਆਪਣੀ ਖੁਰਾਕ ਅਤੇ ਪਾਣੀ ਲੈਂਦਾ ਹੈ। ਆਮ ਅੱਖ ਨਾਲ ਦੇਖਣ 'ਤੇ ਇਹ ਪਤਾ ਹੀ ਨਹੀਂ ਲੱਗਦਾ ਕਿ ਇਸ ਦੀਆਂ ਕਿਤੇ ਜੜ੍ਹਾਂ ਵੀ ਹਨ। ਇਸੇ ਕਰਕੇ ਇਸ ਨੂੰ ਆਕਾਸ਼ ਵੇਲ ਕਿਹਾ ਜਾਂਦਾ ਹੈ। ਵਿਲੱਖਣ ਗੱਲ ਇਹ ਹੈ ਕਿ ਇਸ ਨੂੰ ਸਾਰੇ ਪੌਦੇ ਪਸੰਦ ਨਹੀਂ। ਇਹ ਪੌਦਾ ਆਪਣੀ ਪਸੰਦ ਦੇ ਪੌਦੇ ਉੱਤੇ ਹੀ ਚੜ੍ਹਦਾ ਹੈ। ਇਸ ਪੌਦੇ ਵਿੱਚ ਗੰਧ ਨੂੰ ਸੁੰਘਣ ਦੀ ਸ਼ਕਤੀ ਹੁੰਦੀ ਹੈ ਅਤੇ ਇਹ ਆਪਣੀ ਪਸੰਦ ਜਾਂ ਨਾਪਸੰਦ ਉਸ ਗੰਧ ਦੇ ਅਨੁਸਾਰ ਹੀ ਨਿਰਧਾਰਿਤ ਕਰਦਾ ਹੈ। ਇਹ ਇੰਨਾ ਹਮਲਾਵਰ ਪੌਦਾ ਹੈ ਕਿ ਜਿਸ ਪੌਦੇ 'ਤੇ ਇੱਕ ਵਾਰ ਚੜ੍ਹ ਜਾਂਦਾ ਹੈ, ਉਸ ਨੂੰ ਦੱਬ ਹੀ ਲੈਂਦਾ ਹੈ। ਇਸ ਨੂੰ ਕਾਬੂ ਕਰਨਾ ਫਿਰ ਬੜਾ ਹੀ ਮੁਸ਼ਕਿਲ ਹੋ ਜਾਂਦਾ ਹੈ। ਵੱਡੇ-ਵੱਡੇ ਦਰੱਖਤ ਇਸ ਦੀ ਮਾਰ ਹੇਠ ਦੱਬੇ ਜਾਂਦੇ ਹਨ।



ਜੇਕਰ ਇਸ ਨੂੰ ਕਿਸੇ ਦਰੱਖਤ ਤੋਂ ਲਾਹ ਵੀ ਦਈਏ, ਤਾਂ ਵੀ ਇਸ ਦਾ ਕੋਈ ਨਾ ਕੋਈ ਹੌਸਟੋਰੀਆ ਦੂਜੇ ਪੌਦੇ ਵਿੱਚ ਚੁੱਭਿਆ ਰਹਿ ਜਾਂਦਾ ਹੈ। ਓਸੇ ਤੋਂ ਇਹ ਫਿਰ ਪੈਦਾ ਹੋ ਜਾਂਦਾ ਹੈ। ਇਸੇ ਕਰਕੇ ਇਸ ਨੂੰ ਅਮਰ ਵੇਲ ਕਹਿੰਦੇ ਹਨ।

ਕੁਦਰਤ ਨੇ ਇਸ ਪੌਦੇ ਨੂੰ ਗੁਣ ਵੀ ਬੜੇ ਦਿੱਤੇ ਹਨ। ਇਸ ਦੀਆਂ ਕਾਫ਼ੀ ਪ੍ਰਜਾਤੀਆਂ ਲੰਬੇ ਸਮੇਂ ਤੋਂ ਦੇਸੀ ਦਵਾਈਆਂ ਲਈ ਵਰਤੀਆਂ ਜਾਂਦੀਆਂ ਹਨ। ਜਿਨ੍ਹਾਂ ਦੇ ਚਿਹਰੇ 'ਤੇ ਫਿਨਸੀਆਂ ਹੋ ਜਾਂਦੀਆਂ ਹਨ, ਉਹ ਇਸ ਪੌਦੇ ਨੂੰ ਪਾਣੀ ਵਿੱਚ ਰਿੰਨ੍ਹ ਕੇ ਜਦੋਂ ਪਾਣੀ ਅੱਧਾ ਰਹਿ ਜਾਵੇ ਤਾਂ ਉਂ ਨਾਲ ਚਿਹਰੇ 'ਤੇ ਲਾਉਂਦੇ ਹਨ। ਫਿਨਸੀਆਂ ਨੂੰ ਇਹ ਆਮ ਇਲਾਜਾਂ ਤੋਂ ਜਲਦੀ ਠੀਕ ਕਰਦਾ ਹੈ। ਚਿਹਰੇ ਦੀਆਂ ਛਾਈਆਂ ਹਟਾਉਣ ਅਤੇ ਰੰਗ ਸਾਫ਼ ਕਰਨ ਲਈ ਵੀ ਇਸ ਪੌਦੇ ਨੂੰ ਲਾਭਦਾਇਕ ਮੰਨਿਆ ਜਾਂਦਾ ਹੈ। ਇਸ ਵਿੱਚ ਬੁਢਾਪਾ ਵਿਰੋਧੀ ਗੁਣ ਹੁੰਦੇ ਹਨ।

ਵਾਲ ਝੜਨ ਤੋਂ ਰੋਕਣ ਵਾਸਤੇ ਅਤੇ ਵਾਲਾਂ ਨੂੰ ਲੰਬੇ ਕਰਨ ਲਈ ਇਸ ਨੂੰ ਨਾਰੀਅਲ ਜਾਂ ਸਰ੍ਹੋਂ ਦੇ ਤੇਲ ਵਿੱਚ ਸਾੜ ਕੇ ਲਾਉਣਾ ਲਾਭਦਾਇਕ ਹੁੰਦਾ ਹੈ। ਇਸ ਦਾ ਕਾੜ੍ਹਾ ਬਣਾ ਕੇ ਪੀਣਾ ਜਿਗਰ ਅਤੇ ਗੁਰਦਿਆਂ ਵਾਸਤੇ ਬਹੁਤ ਲਾਭਦਾਇਕ ਹੈ। ਇਹ ਪੀਣ ਨਾਲ ਪਿਸ਼ਾਬ ਜ਼ਿਆਦਾ ਆਉਂਦਾ ਹੈ, ਜਿਸ ਕਰਕੇ ਬਲੱਡ ਪਰੈਸ਼ਰ ਵਧਦਾ ਨਹੀਂ। ਇਹ ਗੁਰਦਿਆਂ ਦੀ ਸਫ਼ਾਈ ਕਰ ਦਿੰਦਾ ਹੈ। ਸਰੀਰਕ ਕਮਜ਼ੋਰੀ ਦੂਰ ਕਰਨ ਲਈ ਇਹ ਮਰਦਾਂ ਅਤੇ ਔਰਤਾਂ, ਦੋਵਾਂ ਲਈ ਲਾਭਕਾਰੀ ਹੈ। ਚਮੜੀ ਤੇ ਕਈ ਪ੍ਰਕਾਰ ਦੀਆਂ ਖੁਜਲੀਆਂ ਲਈ ਇਸ ਪੌਦੇ ਨੂੰ ਰਗੜ ਕੇ ਬਣਾਈ ਮਲ੍ਹਮ ਲਾਭਕਾਰੀ ਹੁੰਦੀ ਹੈ। ਸੋਜ ਘਟਾਉਣ ਵਾਸਤੇ ਇਸ ਪੌਦੇ ਦੇ ਕਾੜ੍ਹੇ ਨਾਲ ਟਕੋਰ ਕਰਨਾ ਅਤੇ ਇਸ ਦੀ ਮਲ੍ਹਮ ਬਣਾ ਕੇ ਲਾਉਣਾ ਲਾਭਦਾਇਕ ਮੰਨਿਆ ਗਿਆ ਹੈ।

ਬੇਸ਼ੱਕ ਇਹ ਪੌਦਾ ਬਹੁਤ ਗੁਣਕਾਰੀ ਹੈ, ਪਰ ਇਸ ਦੀ ਲੋੜ ਤੋਂ ਵੱਧ ਵਰਤੋਂ ਹਾਨੀਕਾਰਕ ਹੋ ਸਕਦੀ ਹੈ। ਆਮ ਤੌਰ 'ਤੇ ਅਤੇਖਾਸਕਰ ਗਰਭਵਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਨੂੰ ਇਸ ਦੀ ਵਰਤੋਂ ਡਾਕਟਰ ਦੀ ਸਲਾਹ ਤੋਂ ਬਿਨਾਂ ਨਹੀਂ ਕਰਨੀ ਚਾਹੀਦੀ।

**ਮਨਦੀਪ ਸਿੰਘ ਲਾਰੋਵਾਲ,**
**ਮੋ. 85588-31900**



# ਬਾਗਬਾਨੀ ਰਾਹੀਂ ਲਿਆਂਦੀ ਜਾ ਸਕਦੀ ਹੈ ਫ਼ਸਲੀ ਭਿੰਨਤਾ

ਬਾਗਬਾਨੀ ਹੇਠ ਰਕਬਾ ਤਾਂ ਵੱਧ ਰਿਹਾ ਹੈ ਪਰ ਬਹੁਤ ਘੱਟ ਰਫ਼ਤਾਰ ਨਾਲ। ਕੁੱਲ ਵਾਹੀ ਯੋਗ ਰਕਬੇ ਦਾ 7-8 ਫ਼ੀਸਦੀ ਰਕਬਾ ਬਾਗਬਾਨੀ ਦੀ ਕਾਸ਼ਤ ਹੇਠ ਹੋਣਾ ਚਾਹੀਦਾ ਹੈ, ਜੋ ਇਸ ਨਾਲੋਂ ਬਹੁਤ ਘੱਟ ਹੈ। ਬਾਗ ਲਾਉਣ ਲਈ ਕਿਸਾਨ ਕਾਫ਼ੀ ਉਤਸ਼ਾਹਿਤ ਹਨ ਪਰ ਇਸ 'ਤੇ ਬੜੀ ਲਾਗਤ ਆਉਂਦੀ ਹੈ ਅਤੇ ਇਸ ਦੇ ਫ਼ਲਾਂ ਤੋਂ ਵੱਟਤ ਆਉਣੀ ਕਾਫ਼ੀ ਸਮੇਂ ਬਾਅਦ ਸ਼ੁਰੂ ਹੁੰਦੀ ਹੈ। ਪੰਜਾਬ ਦੇ ਬਹੁਤੇ ਕਿਸਾਨ ਕਰਜ਼ਈ ਹਨ ਤੇ ਬਾਗਾਂ ਲਈ ਹੋਰ ਖਰਚੇ ਕਰਕੇ ਉਹ ਕਰਜ਼ੇ ਦਾ ਹੋਰ ਬੋਝ ਨਹੀਂ ਚੁੱਕਣਾ ਚਾਹੁੰਦੇ। ਬਾਗਬਾਨੀ ਵਿਭਾਗ ਦੇ ਮਾਹਿਰ ਉਨ੍ਹਾਂ ਕਿਸਾਨਾਂ, ਜੋ ਫ਼ਸਲੀ ਭਿੰਨਤਾ ਤੇ ਕਣਕ-ਝੋਨੇ ਦੇ ਚੱਕਰ ਤੋਂ ਛੁਟਕਾਰਾ ਚਾਹੁੰਦੇ ਹਨ, ਨੂੰ ਚੁਣ ਕੇ ਬਾਗ ਲਾਉਣ ਲਈ ਪ੍ਰੇਰਦੇ ਤਾਂ ਹਨ ਪਰ ਸਫ਼ਲਤਾ ਬੜੀ ਘੱਟ ਮਿਲਦੀ ਹੈ। ਬਿਮਾਰੀ ਰਹਿਤ ਫ਼ਲਾਂ ਦੀਆਂ ਕਿਸਮਾਂ ਦੇ ਬੂਟੇ ਉਨ੍ਹਾਂ ਨੂੰ ਉਪਲੱਬਧ ਨਹੀਂ ਹੁੰਦੇ। ਭਾਵੇਂ ਪੀ.ਏ.ਯੂ. ਤੇ ਬਾਗਬਾਨੀ ਵਿਭਾਗ ਵਲੋਂ ਨਰਸਰੀਆਂ ਸਥਾਪਤ ਹਨ ਤੇ ਕੁਝ ਨਿੱਜੀ ਨਰਸਰੀਆਂ ਵੀ ਹਨ, ਜੋ ਕੌਮੀ ਬਾਗਬਾਨੀ ਬੋਰਡ ਤੋਂ ਮਾਨਤਾ ਪ੍ਰਾਪਤ ਹਨ ਪਰ ਇਨ੍ਹਾਂ ਵਿੱਚ ਵੀ ਕਿਸਾਨਾਂ ਨੂੰ ਮਿਆਰੀ ਤੇ ਸਹੀ ਨਸਲ ਦੇ ਬੂਟੇ ਉਪਲੱਬਧ ਨਹੀਂ ਹੁੰਦੇ। ਕੌਮੀ ਬਾਗਬਾਨੀ ਬੋਰਡ ਵਲੋਂ ਨਵੇਂ ਬਾਗ ਲਗਾਉਣ ਲਈ ਤੇ ਪ੍ਰਮਾਣਿਤ ਨਰਸਰੀਆਂ ਤੋਂ ਗੁਣਵੱਤਾ ਵਾਲੇ ਮਿਆਰੀ ਬੂਟੇ ਸਬਸਿਡੀ 'ਤੇ ਵੀ ਦਿੱਤੇ ਜਾ ਰਹੇ ਹਨ।

ਜੁਲਾਈ ਤੋਂ ਸਦਾਬਹਾਰ ਫ਼ਲਾਂ ਵਾਲੇ ਬੂਟੇ ਲਾਉਣ ਦਾ ਸਮਾਂ ਸ਼ੁਰੂ ਹੋ ਜਾਂਦਾ ਹੈ, ਜਿਵੇਂ ਅੰਬ, ਅਮਰੂਦ, ਲੀਚੀ, ਚੀਕੂ, ਪਪੀਤਾ, ਲੁਕਾਠ, ਬਿੱਲ ਆਦਿ। ਇਹ ਜੁਲਾਈ ਤੋਂ ਸਤੰਬਰ ਤੱਕ ਲਾਏ ਜਾ ਸਕਦੇ ਹਨ, ਜਦਕਿ ਪਤਝੜ ਵਿੱਚ ਲਾਉਣ ਵਾਲੇ ਫ਼ਲ ਅਨਾਰ, ਆੜੂ, ਅਲੂਚਾ, ਫਾਲਸਾ, ਅੰਜੀਰ ਆਦਿ ਜਨਵਰੀ ਤੇ ਫਰਵਰੀ ਵਿੱਚ ਲਾਏ ਜਾਣਗੇ। ਅਮਲਾ ਤੇ ਕੇਲਾ ਫਰਵਰੀ-ਮਾਰਚ ਤੋਂ ਇਲਾਵਾ ਅੱਜਕੱਲ੍ਹ ਵੀ ਸਫ਼ਲਤਾਪੂਰਵਕ ਲਾਏ ਜਾ ਸਕਦੇ ਹਨ। ਬਾਗਬਾਨੀ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਡਾ. ਸਵਰਨ ਸਿੰਘ ਮਾਨ ਕਹਿੰਦੇ ਹਨ ਕਿ ਸਦਾਬਹਾਰ ਬੂਟਿਆਂ ਦੇ ਬਾਗ ਲਾਉਣ ਲਈ ਕਿਸਾਨਾਂ ਨੂੰ ਹੁਣੇ ਤੋਂ ਮਾਹਿਰਾਂ ਨਾਲ ਸੰਪਰਕ ਕਰਕੇ ਜ਼ਮੀਨ ਦੀ ਮਿੱਟੀ ਤੇ ਪਾਣੀ ਦੀ ਪਰਖ ਤੇ ਟੈਸਟ ਕਰਾ ਲੈਣੇ ਚਾਹੀਦੇ ਹਨ। ਜੇ ਮਿੱਟੀ ਵਿੱਚ ਕੋਈ ਰੋਗ ਹੋਵੇ ਤਾਂ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਦੀ ਸਲਾਹ ਲੈਣੀ ਚਾਹੀਦੀ ਹੈ। ਬਾਗ ਲਾਉਣ ਤੋਂ ਪਹਿਲਾਂ ਗਰਮ, ਠੰਢੀਆਂ ਤੇ ਤੇਜ਼ ਹਵਾਵਾਂ ਦੀ ਰੋਕ ਲਈ ਦਰੱਖਤ ਜਿਵੇਂ ਦੇਸੀ ਅੰਬ, ਜਾਮਣ, ਬਿੱਲ, ਸ਼ਹਿਤੂਤ, ਬੋਗਨਵਿਲੀਆ, ਕਰੌਂਦਾ ਆਦਿ ਦੀਆਂ ਬਾੜਾਂ ਲਾ ਦੇਣੀਆਂ ਚਾਹੀਦੀਆਂ ਹਨ। ਬੂਟੇ ਲਾਉਣ ਤੋਂ 15 ਦਿਨ ਪਹਿਲਾਂ ਨਿਰਧਾਰਤ ਫ਼ਾਸਲੇ 'ਤੇ ਟੋਏ ਪੁੱਟ ਲੈਣੇ ਚਾਹੀਦੇ ਹਨ। ਇਨ੍ਹਾਂ ਵਿੱਚ ਤੀਜਾ ਹਿੱਸਾ ਦੇਸੀ ਖਾਦ, ਤੀਜਾ ਹਿੱਸਾ ਭੱਲ ਉੱਪਰਲੀ ਡੇਢ ਫੁੱਟ ਦੀ ਮਿੱਟੀ ਵਿੱਚ ਮਿਕਸ ਕਰਕੇ ਦੁਬਾਰਾ ਕਰ ਦੇਣੇ ਚਾਹੀਦੇ ਹਨ। ਸਦਾਬਹਾਰ ਬੂਟੇ ਹਮੇਸ਼ਾ



ਭਗਵਾਨ ਦਾਸ

ਬਾਅਦ ਦੁਪਹਿਰ ਲਾਉਣੇ ਚਾਹੀਦੇ ਹਨ, ਤਾਂ ਜੋ ਬੂਟੇ ਰਾਤ ਨੂੰ ਘੱਟ ਤਾਪਮਾਨ ਵਿੱਚ ਠੀਕ ਰਹਿਣ। ਬੂਟੇ ਲਾਉਣ ਤੋਂ ਬਾਅਦ ਸਿਉਂਕ ਤੋਂ ਬਚਾਅ ਲਈ ਕਲੋਰੋਪਾਇਰੀਫਾਸ 20 ਈਸੀ ਪ੍ਰਤੀ ਬੂਟਾ ਪਾਉਣੀ ਚਾਹੀਦੀ ਹੈ। ਕਲੋਰੋਪਾਇਰੀਫਾਸ ਦੀ ਸਾਲ ਵਿੱਚ ਘੱਟੋ-ਘੱਟ ਦੋ ਵਾਰ ਵਰਤੋਂ ਕਰ ਲੈਣੀ ਚਾਹੀਦੀ ਹੈ ਜੁਲਾਈ-ਅਗਸਤ ਜਾਂ ਦਸੰਬਰ ਵਿੱਚ। ਬੂਟਿਆਂ ਨੂੰ ਪਾਣੀ ਦੇਣ ਵਾਲੀਆਂ ਖਾਲਾਂ ਪਹਿਲਾਂ ਹੀ ਅਲਹਿਦਾ ਬਣਾ ਦੇਣੀਆਂ ਚਾਹੀਦੀਆਂ ਹਨ। ਬਾਗ ਵਿੱਚ ਬੀਜੀ ਹੋਰ ਫ਼ਸਲ ਨੂੰ ਪਾਣੀ ਦੇਣ ਦਾ ਪ੍ਰਬੰਧ ਵੱਖਰਾ ਹੋਵੇ ਤਾਂ ਚੰਗਾ ਹੈ, ਤਾਂ ਕਿ ਬੂਟਿਆਂ ਨੂੰ ਲੋੜ ਅਨੁਸਾਰ ਯੋਗ ਸਮੇਂ 'ਤੇ ਲੋੜੀਂਦਾ ਪਾਣੀ ਦਿੱਤਾ ਜਾ ਸਕੇ। ਪੰਜਾਬ ਦੀਆਂ ਹਲਕੀਆਂ ਤੇ ਰੇਤਲੀਆਂ ਜ਼ਮੀਨਾਂ ਵਿੱਚ ਅਕਸਰ ਜ਼ਿੰਕ ਦੀ ਘਾਟ ਆ ਜਾਂਦੀ ਹੈ। ਇਸ ਨਾਲ ਪੱਤੇ ਪੀਲੇ ਪੈ ਜਾਂਦੇ ਹਨ ਤੇ ਉੱਪਰ ਵੱਲ ਮੁੜਨਾ ਸ਼ੁਰੂ ਹੋ ਜਾਂਦੇ ਹਨ। ਇਸ ਦੀ ਰੋਕਥਾਮ ਲਈ 600 ਗ੍ਰਾਮ ਜ਼ਿੰਕ ਸਲਫੇਟ ਤੇ 300 ਗ੍ਰਾਮ ਅਣਬੁਝਿਆ ਚੂਨਾ 160 ਲਿਟਰ ਪਾਣੀ ਵਿੱਚ ਮਿਲਾ ਕੇ ਸਪਰੇਅ ਕਰਨਾ ਚਾਹੀਦਾ ਹੈ। ਨਵੇਂ ਲਾਏ ਬੂਟਿਆਂ ਦੀ ਸ਼ੁਰੂ ਤੋਂ ਦੇਖਭਾਲ ਜ਼ਰੂਰੀ ਹੈ। ਕਦੇ ਵੀ ਕੋਈ ਟਾਹਣੀ ਪਿਉਂਦ ਤੋਂ ਥੱਲੇ ਟੁੱਟਣ ਨਹੀਂ ਦੇਣੀ ਚਾਹੀਦੀ। ਜੇ ਬੂਟਾ ਟੇਢਾ ਚਲਦਾ ਹੈ, ਤਾਂ ਉਸ ਨੂੰ ਸਹਾਰੇ ਨਾਲ ਸਿੱਧਾ ਕਰਨਾ ਚਾਹੀਦਾ ਹੈ।

ਪੰਜਾਬ ਵਿੱਚ ਕਿਨੂੰਆਂ ਦੀ ਕਾਸ਼ਤ ਹੇਠ ਸਭ ਫ਼ਲਾਂ ਨਾਲੋਂ ਵੱਧ ਰਕਬਾ ਹੈ ਪਰ ਇਹ ਰਕਬਾ ਜ਼ਿਆਦਾਤਰ ਫ਼ਿਰੋਜ਼ਪੁਰ, ਅਬੋਹਰ ਤੇ ਹੁਸ਼ਿਆਰਪੁਰ ਦੇ ਇਲਾਕਿਆਂ ਤੱਕ ਹੀ ਸੀਮਤ ਹੈ। ਦੂਜੇ ਨੰਬਰ 'ਤੇ ਅਮਰੂਦ ਹਨ। ਅੰਬਾਂ ਦੇ ਬਾਗ ਬੜੇ ਘੱਟ ਹਨ, ਹਾਲਾਂਕਿ ਅੰਬਾਂ ਦੀਆਂ ਮਧਰੀਆਂ ਕਿਸਮਾਂ ਜਿਵੇਂ ਅਮਰਪਾਲੀ, ਮਲਿਕਾ, ਪੂਸਾ ਸ੍ਰੇਸ਼ਠ, ਪੂਸਾ ਪ੍ਰਤਿਭਾ, ਪੂਸਾ ਲਾਲਿਮਾ, ਪੂਸਾ ਪਤੰਬਰ, ਪੂਸਾ ਸੂਰੀਆ ਤੇ ਪੂਸਾ ਅਰੁਣਿਮਾ ਦੇ ਬਾਗ ਲਾ ਕੇ ਚੰਗਾ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਹਰ ਸਾਲ ਫ਼ਲ ਦੇਣ ਵਾਲੀ ਅਮਰਪਾਲੀ ਕਿਸਮ ਦੇ ਬਾਗ ਤੋਂ 2.50 ਲੱਖ ਪ੍ਰਤੀ ਏਕੜ ਤੱਕ ਵੀ ਵੱਟਤ ਆ ਜਾਂਦੀ ਹੈ। ਅਮਰਪਾਲੀ ਕਿਸਮ ਦਾ ਅੰਬ ਬਾਜ਼ਾਰ ਵਿੱਚ 50 ਰੁਪਏ ਕਿਲੋ ਤੱਕ ਆਸਾਨੀ ਨਾਲ ਵਿਕ ਜਾਂਦਾ ਹੈ। ਇਸ ਕਿਸਮ ਦੇ ਬੂਟੇ ਵੱਧ ਲਗਦੇ ਹਨ। ਪੂਸਾ ਅਰੁਣਿਮਾ ਤੇ ਪੂਸਾ ਮਲਿਕਾ ਕਿਸਮਾਂ ਦੀਆਂ ਬਗੀਚਿਆਂ ਅਤੇ ਟਿਊਬਵੈੱਲਾਂ 'ਤੇਲਾਉਣ ਲਈ ਉਤਪਾਦਕਾਂ ਵਲੋਂ ਵਧੇਰੇ ਮੰਗ ਹੈ। ਪੂਸਾ ਅਰੁਣਿਮਾ ਇਕ ਸਾਲ ਆਈ.ਏ.ਆਰ.ਆਈ. ਕਿਸਮ ਦਿੱਲੀ ਵਿਖੇ ਹੋਏ ਮੈਂਗੋ ਸ਼ੋਅ ਵਿੱਚ ਪਹਿਲੇ ਸਥਾਨ 'ਤੇ ਆਈ ਸੀ ਅਤੇ ਪੂਸਾ ਮਲਿਕਾ ਦਾ ਆਕਾਰ ਤੇ ਜ਼ਾਇਕਾ ਖ਼ਪਤਕਾਰਾਂ ਨੂੰ ਬੜਾ ਪਸੰਦ ਹੈ। ਕਰਨਾਟਕ, ਆਂਧਰਾ ਤੇ ਬੰਗਾਲ ਵਿੱਚ ਤਾਂ ਇਹ ਬਰਾਮਦ ਕਰਨ ਯੋਗ ਕਿਸਮਾਂ ਹਨ। ਇਨ੍ਹਾਂ ਕਿਸਮਾਂ ਦੇ ਬੂਟੇ ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਨਵੀਂ ਦਿੱਲੀ ਵਿੱਚ ਬਾਗਬਾਨਾਂ ਨੂੰ ਹੁਣੇ ਤੋਂ ਬੁਕ ਕਰਾ ਲੈਣੇ ਚਾਹੀਦੇ ਹਨ। ਪੰਜਾਬ ਵਿੱਚ ਅੰਬਾਂ ਦੀ ਪੈਦਾਵਾਰ ਆਪਣੇ ਸੂਬੇ ਦੇ ਖ਼ਪਤਕਾਰਾਂ ਲਈ ਵੀ ਕਾਫ਼ੀ ਨਹੀਂ ਹੈ। ਇਸ ਲਈ ਪੰਜਾਬ ਵਿੱਚ ਅੰਬਾਂ ਦੀ ਕਾਸ਼ਤ ਵਧਾਉਣ ਦੀ ਵੱਡੀ ਗੁੰਜਾਇਸ਼ ਹੈ।

# ਕਪਾਹ ਦੀ ਖੇਤੀ ਨੂੰ ਸਥਿਰ ਤੇ ਲਾਹੇਵੰਦ ਕਿਵੇਂ ਬਣਾਇਆ ਜਾਵੇ?

ਰਾਜ ਕੁਮਾਰ,
ਇਕੋਨੋਮਿਕਸ ਅਤੇ ਸੋਸ਼ਿਆਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ

1970ਵਿਆਂ ਤੋਂ ਸ਼ੁਰੂ ਹੋਈ ਝੋਨੇ ਦੀ ਫ਼ਸਲ ਨੇ ਸਮੇਂ ਦੇ ਨਾਲ-ਨਾਲ ਹੋਰ ਵਿਭਿੰਨ ਫ਼ਸਲਾਂ ਜਿਵੇਂ ਦਾਲਾਂ, ਤੇਲ ਬੀਜ, ਮੱਕੀ, ਕਪਾਹ ਆਦਿ ਦਾ ਰਕਬਾ ਮੱਲਣਾ ਸ਼ੁਰੂ ਕਰ ਦਿੱਤਾ। ਰਾਜ ਦੇ ਨਿਰੋਲ ਬੀਜੇ ਰਕਬੇ ਦਾ ਤਕਰੀਬਨ 79 ਫ਼ੀਸਦੀ ਹਿੱਸਾ ਇਕੱਲੇ ਝੋਨੇ ਹੇਠ ਆ ਗਿਆ। ਇਸ ਦੌੜ ਵਿੱਚ ਪੰਜਾਬ ਦੀ ਪ੍ਰਚਲਿਤ ਨਰਮਾ ਪੱਟੀ ਨੇ ਵੀ ਆਪਣੀ ਪਛਾਣ ਕਾਫ਼ੀ ਹੱਦ ਤੱਕ ਗੁਆ ਲਈ ਹੈ। ਨਰਮਾ ਪੱਟੀ ਦੇ ਕਈ ਕਿਸਾਨ ਧਰਤੀ ਹੇਠਲੇ ਬੇਹੱਦ ਮਾੜੇ ਪਾਣੀ ਨਾਲ ਵੀ ਝੋਨੇ ਅਤੇ ਬਾਸਮਤੀ ਦੀ ਕਾਸ਼ਤ ਕਰਨ ਲੱਗ ਗਏ ਹਨ, ਜੋ ਇਕ ਬਹੁਤ ਹੀ ਮਾਰੂ ਰੁਝਾਨ ਹੈ। ਧਰਤੀ ਹੇਠਲੇ ਮਾੜੇ ਪਾਣੀ ਦੀ ਜ਼ਿਆਦਾ ਵਰਤੋਂ ਨਾਲ ਜ਼ਮੀਨਾਂ ਵਿੱਚ ਕੱਲਰ ਦੀ ਸੰਭਾਵਨਾ ਵਧ ਜਾਂਦੀ ਹੈ। ਪ੍ਰਤੀ ਇਕਾਈ ਭੂਮੀ ਵਿੱਚੋਂ ਜ਼ਿਆਦਾ ਅਨਾਜ ਦੀ ਪੈਦਾਵਾਰ ਕਰਨ ਦੇ ਚੱਕਰ ਵਿੱਚ ਅਸੀਂ ਆਪਣੇ ਅਨਮੋਲ ਕੁਦਰਤੀ ਸੋਮੇ ਵੀ ਦਾਅ 'ਤੇ ਲਾ ਰੱਖੇ ਹਨ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਰੋਜ਼ੀ-ਰੋਟੀ ਤੋਂ ਇਲਾਵਾ ਪੰਜਾਬ ਦੀ ਖੇਤੀ ਨੂੰ ਦਰਪੇਸ਼ ਸਭ ਤੋਂ ਗੰਭੀਰ ਚੁਣੌਤੀ ਧਰਤੀ ਹੇਠਲੇ ਪਾਣੀ ਦੇ ਸੋਮਿਆਂ ਦਾ ਘਟਣਾ ਹੈ। ਸੂਬੇ ਦੇ ਲਗਭਗ 23 ਫ਼ੀਸਦੀ ਰਕਬੇ ਦੀ ਬਿਜਾਈ ਨਹਿਰਾਂ ਅਤੇ 77 ਫ਼ੀਸਦੀ ਟਿਊਬਵੈੱਲਾਂ ਰਾਹੀਂ ਕੀਤੀ ਜਾਂਦੀ ਹੈ।

ਬੇਸ਼ੱਕ ਪਿਛਲੇ ਕੁਝ ਕੁ ਸਾਲਾਂ ਤੋਂ ਚਿੱਟੀ ਮੱਖੀ ਤੇ ਗੁਲਾਬੀ ਸੁੰਡੀ ਨੇ ਨਰਮੇ ਦੀ ਫ਼ਸਲ 'ਤੇ ਸਵਾਲੀਆ ਚਿੰਨ੍ਹ ਲਾ ਦਿੱਤਾ ਹੈ, ਪਰ ਹਾਲੇ ਵੀ ਪ੍ਰਚੱਲਿਤ ਹਾਲਾਤ ਅਤੇ ਮੌਜੂਦਾ ਖੇਤੀ ਢਾਂਚੇ ਅਨੁਸਾਰ ਨਰਮੇ ਦੀ ਫ਼ਸਲ ਹੀ ਝੋਨੇ ਦਾ ਸਭ ਤੋਂ ਵਧੀਆ ਬਦਲ ਹੈ। ਇਸ ਦੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਮੰਡੀ ਵਿੱਚ ਬਹੁਤ ਮੰਗ ਹੈ, ਕਿਉਂਕਿ ਗੁਣਵੱਤਾ ਪੱਖੋਂ ਪੰਜਾਬ ਵਿੱਚ ਪੈਦਾ ਹੋਈ ਰੂੰ ਉੱਚ ਦਰਜੇ ਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਰਾਜ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਨਰਮੇ/ਕਪਾਹ ਦੀ ਸਫ਼ਲ ਕਾਸ਼ਤ ਲਈ



ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਹੋਰ ਉਤਸ਼ਾਹ ਤੇ ਸਾਰਥਿਕਤਾ ਨਾਲ ਚਲਾਉਣ ਦੀ ਲੋੜ ਹੈ। ਪੰਜਾਬ ਵਿੱਚ ਨਰਮੇ ਦਾ ਪ੍ਰਤੀ ਹੈਕਟੇਅਰ ਝਾੜ (ਰੂੰ ਦੇ ਰੂਪ ਵਿੱਚ) ਸਾਲ 2017-18 ਵਿੱਚ 750 ਕਿਲੋਗ੍ਰਾਮ, 2018-19 ਵਿੱਚ 776 ਕਿਲੋਗ੍ਰਾਮ ਤੇ 2019-20 ਵਿੱਚ ਇਹ 827 ਕਿਲੋਗ੍ਰਾਮ ਤੱਕ ਜਾ ਪਹੁੰਚਿਆ, ਜੋ ਹੁਣ ਤੱਕ ਦਾ ਰਿਕਾਰਡ ਝਾੜ ਸੀ। ਝੋਨੇ/ਬਾਸਮਤੀ ਲਈ 25-30 ਪਾਣੀਆਂ ਦੇ ਮੁਕਾਬਲੇ ਨਰਮਾ ਸਿਰਫ਼ 4-6 ਪਾਣੀਆਂ ਨਾਲ ਪਲ ਜਾਂਦਾ ਹੈ। ਪੀ.ਏ.ਯੂ. ਦੀਆਂ ਸਿਫ਼ਾਰਸ਼ਾਂ ਅਨੁਸਾਰ ਨਰਮੇ ਅਤੇ ਝੋਨੇ ਦੀ ਕਾਸ਼ਤ ਦੇ ਆਰਥਿਕ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਮੰਡੀ ਵਿੱਚ ਪ੍ਰਚੱਲਿਤ ਕੀਮਤਾਂ ਅਤੇ ਚੰਗੇ ਝਾੜ ਦੇ ਆਧਾਰ 'ਤੇ ਨਰਮੇ ਤੋਂ ਝੋਨੇ/ਬਾਸਮਤੀ ਦੇ ਬਰਾਬਰ ਹੀ (ਲਗਪਗ 44 ਹਜ਼ਾਰ ਰੁਪਏ/ਏਕੜ) ਆਮਦਨ ਹੋ ਸਕਦੀ ਹੈ। ਇਸ ਤੋਂ ਇਲਾਵਾ ਨਰਮੇ/ਕਪਾਹ ਦਾ ਘੱਟੋ-ਘੱਟ ਸਮੱਰਥਨ ਮੁੱਲ ਤਾਂ ਸਰਕਾਰ ਵਲੋਂ ਨਿਰਧਾਰਤ ਕੀਤਾ ਜਾਂਦਾ ਹੈ, ਪਰ ਬਾਸਮਤੀ ਦਾ ਨਹੀਂ। ਸਾਲ 2025-26 ਵਿੱਚ ਦਰਮਿਆਨੇ ਰੇਸ਼ੇ ਤੇ ਲੰਬੇ ਰੇਸ਼ੇ ਵਾਲੀ ਕਪਾਹ ਦਾ ਸਮਰਥਨ ਮੁੱਲ ਕ੍ਰਮਵਾਰ 7710 ਤੇ 8110 ਰੁਪਏ ਪ੍ਰਤੀ ਕੁਇੰਟਲ ਸੀ। ਸਰਕਾਰੀ ਏਜੰਸੀਆਂ ਵਲੋਂ ਕਪਾਹ ਦੇ ਮੰਡੀਕਰਨ ਲਈ ਸਹਾਇਤਾ ਵੀ ਕੀਤੀ ਜਾਂਦੀ ਹੈ ਕਿਉਂਕਿ ਜਦੋਂ ਮੰਡੀ ਕੀਮਤਾਂ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਆਉਂਦੀਆਂ ਹਨ ਤਾਂ ਕਿਸਾਨਾਂ ਦੀ ਉਪਜ ਨੂੰ ਨਿਰਧਾਰਤ ਮੁੱਲ 'ਤੇ ਖਰੀਦਣ ਲਈ ਭਾਰਤੀ ਕਪਾਹ ਨਿਗਮ ਮੰਡੀ ਵਿੱਚ ਦਾਖ਼ਲ ਹੁੰਦਾ ਹੈ। ਇਸ ਦੇ ਉਲਟ ਬਾਸਮਤੀ ਦੀਆਂ ਕੀਮਤਾਂ ਹਮੇਸ਼ਾ ਅਨਿਸ਼ਚਿਤ ਤੇ ਉਤਰਾਅ-ਚੜ੍ਹਾਅ ਵਾਲੀਆਂ ਰਹਿੰਦੀਆਂ ਹਨ, ਕਿਉਂਕਿ ਇਹ ਨਿੱਜੀ ਵਪਾਰੀਆਂ ਦੇ ਹੱਥ ਹੁੰਦੀਆਂ ਹਨ। ਪਿਛਲੇ ਦਹਾਕੇ ਵਿੱਚ ਬਾਸਮਤੀ ਦੀਆਂ ਕੀਮਤਾਂ 1200 ਰੁਪਏ ਤੋਂ ਲੈ ਕੇ 5000 ਰੁਪਏ ਪ੍ਰਤੀ ਕੁਇੰਟਲ ਤੱਕ ਰਹੀਆਂ ਹਨ। ਪਿਛਲੇ ਸਾਲਾਂ ਦੀਆਂ ਕੀਮਤਾਂ ਦੇ ਰੁਝਾਨ ਤੋਂ ਸਪੱਸ਼ਟ ਹੈ ਕਿ ਬਾਸਮਤੀ ਹੇਠ ਰਕਬਾ ਵਧਣ ਨਾਲ ਇਸ ਦੀਆਂ ਕੀਮਤਾਂ ਵਿੱਚ ਗਿਰਾਵਟ ਆਉਂਦੀ ਹੈ, ਜਦੋਂ ਕਿ ਨਰਮੇ ਦਾ ਘੱਟੋ-ਘੱਟ ਸਮਰਥਨ ਮੁੱਲ ਹਮੇਸ਼ਾ ਵਧਦਾ ਹੀ ਰਹਿੰਦਾ ਹੈ। ਬਾਸਮਤੀ ਦਾ ਖਰੀਦਦਾਰ ਪ੍ਰਾਈਵੇਟ ਵਪਾਰੀ ਵਰਗ ਹੀ ਹੈ। ਬਾਸਮਤੀ ਦੇ ਭਾਅ ਇਸ ਦੇ ਨਿਰਯਾਤ 'ਤੇ ਨਿਰਭਰ ਕਰਦੇ ਹਨ। ਝੋਨੇ/ਬਾਸਮਤੀ ਦੇ ਮੁਕਾਬਲੇ ਨਰਮੇ ਦੀ ਫ਼ਸਲ ਵਿੱਚ ਕਾਮਿਆਂ ਲਈ ਵੀ ਵੱਧ ਕੰਮ ਹੁੰਦਾ ਹੈ, ਜਿਸ ਨਾਲ ਰੁਜ਼ਗਾਰ ਦੇ ਜ਼ਿਆਦਾ ਘੰਟੇ ਉਪਲਬਧ ਹੁੰਦੇ ਹਨ। ਅੰਕੜਿਆਂ ਅਨੁਸਾਰ ਝੋਨੇ/ਬਾਸਮਤੀ ਵਿੱਚ ਪ੍ਰਤੀ ਏਕੜ 110 ਤੋਂ 180 ਘੰਟੇ ਕੰਮ ਮਜ਼ਦੂਰਾਂ ਨੂੰ ਮਿਲਦਾ ਹੈ, ਜਦੋਂ ਕਿ ਨਰਮੇ/ਕਪਾਹ ਵਿੱਚ 250 ਤੋਂ 300 ਘੰਟੇ ਤੱਕ ਕੰਮ ਦੀ ਲੋੜ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਪਿਛਲੇ ਸਮੇਂ ਦੌਰਾਨ ਨਰਮੇ 'ਤੇ ਕੀਟਾਂ ਦੇ ਹਮਲੇ ਕਾਰਨ ਕਈ ਵਾਰ ਕਿਸਾਨਾਂ ਨੂੰ ਨੁਕਸਾਨ ਵੀ ਉਠਾਉਣਾ ਪਿਆ ਹੈ। ਖੇਤੀ ਵਿਗਿਆਨੀਆਂ, ਪਸਾਰ ਮਾਹਿਰਾਂ ਤੇ ਕਿਸਾਨਾਂ ਦੇ ਇਕਜੁੱਟ ਹੋ ਕੇ ਹੰਭਲਾ ਮਾਰਨ ਨਾਲ ਸਮੱਸਿਆ ਤੋਂ ਵੀ ਛੁਟਕਾਰਾ ਮਿਲ ਸਕਦਾ ਹੈ। ਵਧੀਆ ਗੁਣਵੱਤਾ ਵਾਲੇ ਬੀਜ, ਕੀਟਨਾਸ਼ਕ ਅਤੇ ਹੋਰ ਸਮੱਗਰੀਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਅ ਲਈ ਤੇਲ ਮਿੱਲਾਂ/ਵੇਲਾਈ ਮਸ਼ੀਨਾਂ 'ਤੇ ਸਾਰਾ ਸਾਲ ਸਖ਼ਤ ਨਜ਼ਰ ਰੱਖੀ ਜਾਵੇ ਕਿਉਂਕਿ ਕਪਾਹ ਤੇ ਕਪਾਹ ਦੇ ਬੀਜਾਂ ਵਿੱਚ ਗੁਲਾਬੀ ਸੁੰਡੀ ਦੇ ਸੁੰਡ ਲੁਕੇ ਹੋਣ ਕਾਰਨ ਇਹ ਇਸ ਦੇ ਹਮਲੇ ਦਾ ਮੁੱਖ ਸਰੋਤ ਬਣਦੇ ਹਨ।

ਪਿਛਲੇ ਸਾਲ ਭਾਰਤੀ ਕਪਾਹ ਨਿਗਮ ਦੇ ਮੰਡੀ ਵਿੱਚ ਦਾਖਲੇ ਕਾਰਨ ਨਰਮਾ ਉਤਪਾਦਕਾਂ ਨੂੰ ਚੰਗਾ ਭਾਅ ਮਿਲਿਆ। ਦੇਸੀ ਕਪਾਹ 'ਤੇ ਕੀਟਾਂ ਦਾ ਹਮਲਾ ਵੀ ਘੱਟ ਹੁੰਦਾ ਹੈ ਅਤੇ ਇਸ ਦਾ ਭਾਅ ਵੀ ਕਾਫ਼ੀ ਵਧੀਆ ਮਿਲ ਜਾਂਦਾ ਹੈ। ਝੋਨੇ ਨੂੰ ਕਪਾਹ ਖਾਸ ਕਰਕੇ ਦੇਸੀ ਕਪਾਹ ਨਾਲ ਬਦਲਣ ਦਾ ਪ੍ਰੋਗਰਾਮ ਸ਼ੁਰੂ ਕਰਨ ਦੀ ਲੋੜ ਹੈ। ਦੇਸੀ ਕਪਾਹ ਨੂੰ ਪੱਤਾ ਮਰੋੜ ਵਿਸ਼ਾਣੂੰ ਅਤੇ ਚਿੱਟੀ ਮੱਖੀ ਪ੍ਰਤੀ ਸਹਿਣਸ਼ੀਲ ਮੰਨਿਆ ਜਾਂਦਾ ਹੈ, ਪਰ ਨਰਮੇ ਦੇ ਮੁਕਾਬਲੇ ਦੇਸੀ ਕਪਾਹ ਦਾ ਝਾੜ ਘੱਟ ਅਤੇ ਚੁਗਾਈ ਦੀ ਲਾਗਤ ਜ਼ਿਆਦਾ ਹੈ। ਦੇਸੀ ਕਪਾਹ ਦੇ ਕਾਸ਼ਤਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਕੁਝ ਵਿੱਤੀ ਮਦਦ ਅਤੇ ਮੰਡੀਕਰਨ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਹੈ। ਕਿਸਾਨਾਂ ਨੂੰ ਸਲਾਹ ਹੈ ਕਿ ਪੰਜਾਬ ਦੀ ਨਰਮਾ ਪੱਟੀ ਵਿੱਚ ਧਰਤੀ ਹੇਠਲੇ ਮਾੜੇ ਪਾਣੀ ਨਾਲ ਝੋਨਾ ਉਗਾਉਣ ਨਾਲੋਂ ਨਹਿਰੀ ਪਾਣੀ ਨਾਲ ਨਰਮੇ ਜਾਂ ਦੇਸੀ ਕਪਾਹ ਦੀ ਫ਼ਸਲ ਲੈਣੀ ਹੀ ਸਿਆਣਪ ਹੋਵੇਗੀ। ਇਸ ਨਾਲ ਜਿੱਥੇ ਸਾਡੀ ਜ਼ਮੀਨ ਅਤੇ ਪਾਣੀ ਦੀ ਹੋਂਦ ਨੂੰ ਬਚਾਉਣ ਵਿੱਚ ਮਦਦ ਮਿਲੇਗੀ, ਉੱਥੇ ਰੁਜ਼ਗਾਰ ਦੇ ਵੱਧ ਮੌਕੇ ਵੀ ਪੈਦਾ ਹੋਣਗੇ। ਇਹ ਖੇਤੀ ਭਿੰਨਤਾ ਵੱਲ ਇਕ ਅਗਾਂਹਵਧੂ ਉੱਦਮ ਹੋਵੇਗਾ। ਆਓ ਪੰਜਾਬ ਦੇ ਕਿਸਾਨੋ, ਰਲ ਕੇ ਹੰਭਲਾ ਮਾਰੀਏ ਅਤੇ ਪੰਜਾਬ ਵਿੱਚ ਚਿੱਟੇ ਸੋਨੇ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰੀਏ।

## ਭਾਰਤ ਦੇ ਅੰਦਰੂਨੀ ਖਾਰੇ ਪਾਣੀਆਂ ਵਿੱਚ

# ਵੈਨਾਮੀ ਝੀਂਗਾ ਪਾਲਣ

## ਟਿਕਾਊ ਜਲ-ਖੇਤੀ ਰਾਹੀਂ ਕਿਸਾਨਾਂ ਦੀ ਆਮਦਨ ਵਧਾਉਣ ਵੱਲ ਇੱਕ ਨਵੀਂ ਪਹਿਲ



**ਖੁਸ਼ਵੰਤ ਸਿੰਘ ਬਰਾੜ, ਕਾਲਜ ਆਫ਼ ਫਿਸ਼ਰੀਜ਼, ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ**

ਭਾਰਤ ਵਿੱਚ ਲਗਾਤਾਰ ਵੱਧ ਰਹੀ ਆਬਾਦੀ, ਖੇਤੀਯੋਗ ਜ਼ਮੀਨ ਵਿੱਚ ਕਮੀ, ਪਾਣੀ ਦੀ ਘਾਟ ਅਤੇ ਮਿੱਟੀ ਦੀ ਲੂਣਤਾ ਵਰਗੀਆਂ ਸਮੱਸਿਆਵਾਂ ਕਾਰਨ ਰਵਾਇਤੀ ਖੇਤੀ ਦਿਨੋਂ-ਦਿਨ ਘੱਟ ਲਾਭਕਾਰੀ ਹੁੰਦੀ ਜਾ ਰਹੀ ਹੈ। ਖ਼ਾਸ ਕਰਕੇ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼




ਦੇ ਕਈ ਇਲਾਕਿਆਂ ਵਿੱਚ ਲੱਖਾਂ ਹੈਕਟੇਅਰ ਜ਼ਮੀਨ ਖਾਰੀ ਹੋਣ ਕਰਕੇ ਰਵਾਇਤੀ ਫ਼ਸਲਾਂ ਦੀ ਪੈਦਾਵਾਰ ਘੱਟ ਜਾਂ ਬਿਲਕੁਲ ਬੰਦ ਹੋ ਚੁੱਕੀ ਹੈ। ਅਜਿਹੀ ਬੰਜਰ ਅਤੇ ਖਾਰੀ ਜ਼ਮੀਨ ਨੂੰ ਉਤਪਾਦਕ ਬਣਾਉਣ ਲਈ ਅੰਦਰੂਨੀ ਖਾਰੇ ਪਾਣੀ ਵਿੱਚ ਜਲ-ਖੇਤੀ (Inland Saline Aquaculture) ਇੱਕ ਉਮੀਦਭਰੀ ਤਕਨੀਕ ਵਜੋਂ ਸਾਹਮਣੇ ਆਈ ਹੈ।

ਇਨ੍ਹਾਂ ਖਾਰੇ ਪਾਣੀਆਂ ਵਿੱਚ ਵੈਨਾਮੀ ਝੀਂਗਾ (Litopenaeus vannamel) ਦਾ ਪਾਲਣ ਸਭ ਤੋਂ ਵੱਧ ਸਫ਼ਲ ਸਾਬਤ ਹੋਇਆ ਹੈ। ਇਹ ਪ੍ਰਜਾਤੀ ਤੇਜ਼ੀ ਨਾਲ ਵਧਦੀ ਹੈ, ਉੱਚ ਜੀਵਿਤਤਾ ਦਰ ਰੱਖਦੀ ਹੈ, ਵੱਖ-ਵੱਖ ਲੂਣਤਾ ਅਤੇ ਤਾਪਮਾਨ ਨੂੰ ਸਹਿਣ ਦੀ ਸਮਰੱਥਾ ਰੱਖਦੀ ਹੈ, ਰੋਗਾਂ



ਪ੍ਰਤੀ ਵਧੇਰੇ ਰੋਧਕ ਹੈ ਅਤੇ ਘੱਟ ਪ੍ਰੋਟੀਨ ਵਾਲੀ ਖੁਰਾਕ ਦੀ ਪ੍ਰਭਾਵਸ਼ਾਲੀ ਵਰਤੋਂ ਕਰਦੀ ਹੈ। ਕੇਵਲ 100-120 ਦਿਨਾਂ ਵਿੱਚ ਮੰਡੀਯੋਗ ਆਕਾਰ ਪ੍ਰਾਪਤ ਕਰ ਲੈਣ ਕਾਰਨ ਇਹ ਕਿਸਾਨਾਂ ਨੂੰ ਘੱਟ ਸਮੇਂ ਵਿੱਚ ਵਧੀਆ ਆਮਦਨ ਪ੍ਰਦਾਨ ਕਰਦੀ ਹੈ।

ਇਸ ਲੇਖ ਵਿੱਚ ਅੰਦਰੂਨੀ ਖਾਰੇ ਪਾਣੀ ਵਿੱਚ ਵੈਨਾਮੀ ਝੀਂਗੇ ਦੀ ਕਾਸ਼ਤ ਲਈ ਵਿਗਿਆਨਕ ਤਕਨੀਕਾਂ, ਤਲਾਬ ਦੀ (Sainity) ਇੱਕ ਅਜਿਹੀ ਸਮੱਸਿਆ ਹੈ ਜੋ ਨਾ ਸਿਰਫ਼ ਫ਼ਸਲਾਂ ਦੀ ਪੈਦਾਵਾਰ ਘਟਾਉਂਦੀ ਹੈ, ਸਗੋਂ ਹੌਲੀ-ਹੌਲੀ ਉਪਜਾਊ ਜ਼ਮੀਨ ਨੂੰ ਵੀ ਬੰਜਰ ਬਣਾ ਦਿੰਦੀ ਹੈ। ਵਿਸ਼ਵ ਪੱਧਰ 'ਤੇ 100 ਤੋਂ ਵੱਧ ਦੇਸ਼ਾਂ ਵਿੱਚ ਖਾਰੀ ਜ਼ਮੀਨ ਇੱਕ ਵੱਡੀ ਵਾਤਾਵਰਨਕ ਅਤੇ ਆਰਥਿਕ ਸਮੱਸਿਆ ਬਣ ਚੁੱਕੀ ਹੈ। ਘੱਟ ਵਰਖਾ, ਉੱਚ ਤਾਪਮਾਨ, ਭੂਜਲ ਵਿੱਚ ਲੂਣ ਦੀ ਵੱਧ ਮਾਤਰਾ ਅਤੇ ਨਿਕਾਸੀ ਪ੍ਰਬੰਧ ਦੀ ਕਮੀ ਕਾਰਨ ਮਿੱਟੀ ਵਿੱਚ ਲੂਣ ਇਕੱਠਾ ਹੁੰਦਾ ਜਾਂਦਾ ਹੈ। ਇਸ ਕਾਰਨ ਪੌਦਿਆਂ ਦੀਆਂ ਜੜ੍ਹਾਂ ਪਾਣੀ ਅਤੇ ਪੋਸ਼ਕ ਤੱਤਾਂ ਨੂੰ ਸਹੀ ਢੰਗ ਨਾਲ ਨਹੀਂ ਲੈ ਸਕਦੀਆਂ, ਜਿਸ ਨਾਲ ਫ਼ਸਲਾਂ ਦਾ ਵਿਕਾਸ ਰੁਕ ਜਾਂਦਾ ਹੈ।

ਭਾਰਤ ਵਿੱਚ ਲਗਭਗ 8.62 ਮਿਲੀਅਨ ਹੈਕਟੇਅਰ ਜ਼ਮੀਨ ਲੂਣਤਾ ਜਾਂ ਖਾਰਪਣ ਤੋਂ ਪ੍ਰਭਾਵਿਤ ਹੈ। ਇਸ ਵਿੱਚੋਂ ਕਰੀਬ 40 ਪ੍ਰਤੀਸ਼ਤ ਖੇਤਰ ਉੱਤਰੀ-ਪੱਛਮੀ ਭਾਰਤ, ਖ਼ਾਸ ਕਰਕੇ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿੱਚ ਸਥਿਤ ਹੈ। ਇਨ੍ਹਾਂ ਖੇਤਰਾਂ ਵਿੱਚ ਕਿਸਾਨਾਂ ਲਈ ਰਵਾਇਤੀ ਖੇਤੀ ਕਰਨਾ ਦਿਨੋਂ-ਦਿਨ ਔਖਾ ਹੁੰਦਾ ਜਾ ਰਿਹਾ ਹੈ।

ਪੰਜਾਬ ਵਿੱਚ ਨਹਿਰੀ ਸਿੰਚਾਈ, ਖਾਰੇ ਭੂਜਲ ਦੀ ਵਰਤੋਂ ਅਤੇ ਨਿਕਾਸੀ ਦੀ ਅਣਉਚਿਤ ਵਿਵਸਥਾ ਕਾਰਨ ਕਈ ਖੇਤਰਾਂ ਵਿੱਚ ਜ਼ਮੀਨ ਅਤੇ ਭੂਜਲ ਦੋਵੇਂ ਖਾਰੇ ਹੋ ਚੁੱਕੇ ਹਨ। ਅਜਿਹੇ ਖੇਤਰਾਂ ਵਿੱਚ ਕਣਕ, ਝੋਨਾ ਜਾਂ ਹੋਰ ਰਵਾਇਤੀ ਫ਼ਸਲਾਂ ਦੀ ਪੈਦਾਵਾਰ ਲਗਾਤਾਰ ਘਟ ਰਹੀ ਹੈ। ਇਸ ਲਈ ਅਜਿਹੀ ਜ਼ਮੀਨ ਦੀ ਵਿਕਲਪਕ ਵਰਤੋਂ ਸਮੇਂ ਦੀ ਲੋੜ ਬਣ ਗਈ ਹੈ।

ਇਸ ਪ੍ਰਸੰਗ ਵਿੱਚ ਅੰਦਰੂਨੀ ਖਾਰੇ ਪਾਣੀ ਵਿੱਚ ਜਲ-ਖੇਤੀ (Inland Saline Aquaculture) ਇੱਕ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਲਾਭਕਾਰੀ ਵਿਕਲਪ ਹੈ। ਇਸ ਤਕਨੀਕ ਵਿੱਚ ਖਾਰੇ ਭੂਜਲ ਦੀ ਵਰਤੋਂ ਕਰਕੇ ਮੱਛੀਆਂ ਅਤੇ ਝੀਂਗਿਆਂ ਦਾ ਪਾਲਣ ਕੀਤਾ ਜਾਂਦਾ ਹੈ। ਇਸ ਨਾਲ ਨਾ ਸਿਰਫ਼ ਬੰਜਰ ਜ਼ਮੀਨ ਦੀ ਉਤਪਾਦਕ ਵਰਤੋਂ ਹੁੰਦੀ ਹੈ, ਸਗੋਂ ਕਿਸਾਨਾਂ ਨੂੰ ਵਾਧੂ ਆਮਦਨ ਦਾ ਸਰੋਤ ਵੀ ਪ੍ਰਾਪਤ ਹੁੰਦਾ ਹੈ।

ਅੰਦਰੂਨੀ ਖਾਰੇ ਪਾਣੀ ਵਿੱਚ ਪਾਲੀਆ ਜਾਣ ਵਾਲੀਆਂ ਵੱਖ-ਵੱਖ ਪ੍ਰਜਾਤੀਆਂ ਵਿੱਚ ਵੈਨਾਮੀ ਝੀਂਗਾ (Litopenaeus vannamel) ਸਭ ਤੋਂ ਵੱਧ ਪ੍ਰਸਿੱਧ ਅਤੇ ਆਰਥਿਕ ਤੌਰ 'ਤੇ ਲਾਭਕਾਰੀ ਮੰਨਿਆ ਜਾਂਦਾ ਹੈ। ਇਸ ਦੀ ਖਾਸੀਅਤ ਇਹ ਹੈ ਕਿ ਇਹ ਘੱਟ ਲੂਣਤਾ ਤੋਂ ਲੈ ਕੇ ਵੱਧ ਲੂਣਤਾ ਤੱਕ ਜੀਵਿਤ ਰਹਿ ਸਕਦਾ ਹੈ, ਤੇਜ਼ੀ ਨਾਲ ਵਧਦਾ ਹੈ, ਖ਼ੁਰਾਕ ਦੀ ਚੰਗੀ ਵਰਤੋਂ ਕਰਦਾ ਹੈ ਅਤੇ ਰੋਗਾਂ ਦਾ ਮੁਕਾਬਲਾ ਕਰਨ ਦੀ ਵਧੀਆ ਸਮਰੱਥਾ ਰੱਖਦਾ ਹੈ। 100-120 ਦਿਨਾਂ ਵਿੱਚ ਇਹ ਵਪਾਰਕ ਆਕਾਰ ਪ੍ਰਾਪਤ ਕਰ ਲੈਂਦਾ ਹੈ, ਜਿਸ ਕਾਰਨ ਕਿਸਾਨ ਇੱਕ ਸਾਲ ਵਿੱਚ ਦੋ ਫ਼ਸਲਾਂ ਵੀ ਲੈ ਸਕਦੇ ਹਨ।



ਪੰਜਾਬ ਅਤੇ ਹਰਿਆਣਾ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਵੈਨਾਮੀ ਝੀਂਗਾ ਪਾਲਣ ਤੇਜ਼ੀ ਨਾਲ ਪ੍ਰਸਿੱਧ ਹੋਇਆ ਹੈ। ਜਿੱਥੇ ਪਹਿਲਾਂ ਖਾਰੀ ਜ਼ਮੀਨ ਨੂੰ ਬੇਕਾਰ ਸਮਝਿਆ ਜਾਂਦਾ ਸੀ, ਉੱਥੇ ਅੱਜ ਉਹੀ ਜ਼ਮੀਨ ਕਿਸਾਨਾਂ ਲਈ ਲੱਖਾਂ ਰੁਪਏ ਦੀ ਆਮਦਨ ਦਾ ਸਰੋਤ ਬਣ ਰਹੀ ਹੈ। ਇਸ ਤੋਂ ਇਲਾਵਾ, ਝੀਂਗਾ ਪਾਲਣ ਨਾਲ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਰਹੇ ਹਨ, ਸਮੁੰਦਰੀ ਉਤਪਾਦਾਂ ਦੇ ਨਿਰਯਾਤ ਵਿੱਚ ਵਾਧਾ ਹੋ ਰਿਹਾ ਹੈ ਅਤੇ ਦੇਸ਼ ਦੀ ਆਰਥਿਕਤਾ ਨੂੰ ਵੀ ਮਜ਼ਬੂਤੀ ਮਿਲ ਰਹੀ ਹੈ।

ਇਸ ਲੇਖ ਦਾ ਉਦੇਸ਼ ਕਿਸਾਨਾਂ, ਮੱਛੀ ਪਾਲਣ ਉਦਮੀਆਂ, ਵਿਦਿਆਰਥੀਆਂ ਅਤੇ ਵਿਸਥਾਰ ਕਰਮਚਾਰੀਆਂ ਨੂੰ ਅੰਦਰੂਨੀ ਖਾਰੇ ਪਾਣੀ ਵਿੱਚ ਵੈਨਾਮੀ ਝੀਂਗਾ ਪਾਲਣ ਦੀਆਂ ਵਿਗਿਆਨਕ ਤਕਨੀਕਾਂ, ਪ੍ਰਬੰਧਨ ਪੱਧਤੀਆਂ ਅਤੇ ਟਿਕਾਊ ਉਤਪਾਦਨ ਬਾਰੇ ਸਧਾਰਨ, ਵਿਹਾਰਕ ਅਤੇ ਵਿਗਿਆਨਕ ਜਾਣਕਾਰੀ ਪ੍ਰਦਾਨ ਕਰਦਾ ਹੈ।

### ਅੰਦਰੂਨੀ ਖਾਰੇ ਪਾਣੀਆਂ ਦੀ ਸਥਿਤੀ :

ਹਾਲ ਹੀ ਦੇ ਸਮੇਂ ਵਿੱਚ, ਖਾਰਾਪਨ ਇੱਕ ਚਿੰਤਾ ਦਾ ਵਿਸ਼ਾ ਹੈ ਅਤੇ ਦੁਨੀਆ ਭਰ ਦੇ 20 ਦੇਸ਼ਾਂ ਵਿੱਚ ਫੈਲੀ 380 ਮਿਲੀਅਨ ਹੈਕਟੇਅਰ ਤੋਂ ਵੱਧ ਜ਼ਮੀਨ ਨੂੰ ਪ੍ਰਭਾਵਿਤ ਕਰਦਾ ਹੈ। ਇਸ ਕਿਸਮ ਦੀ ਬਰਬਾਦ ਜ਼ਮੀਨ ਮੱਛੀਆਂ, ਕ੍ਰਸਟੇਸ਼ੀਅਨ, ਮੋਲਮਕਸ, ਆਦਿ ਦੀ ਖੇਤੀ ਲਈ ਵਰਤੀ ਜਾ ਰਹੀ ਹੈ, ਖਾਸ ਕਰਕੇ ਅਮਰੀਕਾ, ਚੀਨ, ਭਾਰਤ, ਇਜ਼ਰਾਈਲ ਅਤੇ ਆਸਟ੍ਰੇਲੀਆ ਵਿੱਚ। ਭਾਰਤ ਵਿੱਚ, ਲਗਭਗ 8.62 ਮਿਲੀਅਨ ਹੈਕਟੇਅਰ ਜ਼ਮੀਨੀ ਖੇਤਰ ਮਿੱਟੀ ਦੇ ਖਾਰੇਪਣ ਤੋਂ ਪ੍ਰਭਾਵਿਤ ਹੈ ਅਤੇ 2.8 ਮਿਲੀਅਨ ਹੈਕਟੇਅਰ ਖਾਰੇਪਣ ਤੋਂ ਪ੍ਰਭਾਵਿਤ ਮਿੱਟੀ ਇੰਡੋ-ਗੰਗਾ ਐਲੂਵੀਅਲ ਮੈਦਾਨ ਵਿੱਚ ਮੌਜੂਦ ਹੈ। 8.62 ਮਿਲੀਅਨ ਹੈਕਟੇਅਰ ਦੇ ਅੰਦਰ, ਲੂਣ-ਪ੍ਰਭਾਵਿਤ ਖੇਤਰ ਦਾ 40% ਉੱਤਰ-ਪੱਛਮੀ, ਅਰਧ-ਸੁੱਕਾ/ਸੁੱਕਾ ਰਾਜਾਂ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਕੇਂਦਰਿਤ ਹੈ।

### ਅੰਦਰੂਨੀ ਖਾਰੇ ਪਾਣੀ ਵਿੱਚ ਕਾਸ਼ਤ ਕੀਤੀਆਂ ਗਈਆਂ ਮੱਛੀਆਂ ਦੀਆਂ ਕਿਸਮਾਂ :

ਦੁਨੀਆ ਭਰ ਵਿੱਚ, ਖਾਰੇ ਭੂਮੀਗਤ ਪਾਣੀ ਵਿੱਚ ਵੱਖ-ਵੱਖ ਮੱਛੀਆਂ ਦੀ ਕਾਸ਼ਤ ਕੀਤੀ ਜਾ ਰਹੀ ਹੈ ਜਿਸ ਵਿੱਚ ਯੂਰੀਹਾਲਾਈਨ ਫਿਨਫਿਸ (ਜਿਵੇਂ ਕਿ ਲੇਟਸ ਕੈਲਕੈਰੀਫਰ, ਸਪਾਰਸ ਔਰਾਟਸ, ਡਾਇਸੈਂਟਰਾਰਚਸ ਲੈਬਰਾਕਸ, ਅਰਗਾਇਰੋਸੋਮਸ ਜਾਪੋਨਿਕਸ), ਕ੍ਰਸਟੇਸ਼ੀਅਨ (ਜਿਵੇਂ ਕਿ ਪੇਨੀਅਸ ਮੋਨੋਡੋਨ, ਲਿਟੋਪੇਨੀਅਸ ਵੇਨਾਮੀ, ਮਾਰਸੁਪੇਨੀਅਮ ਜਾਪੋਨਿਕਸ), ਮੋਲਸਕਸ (ਜਿਵੇਂ ਕਿ ਸੈਕੋਸਟ੍ਰੀਆ ਗਲੋਮੇਰਾਟਾ), ਡਾਇਡ੍ਰੋਮਸ ਪ੍ਰਜਾਤੀਆਂ ਜਿਵੇਂ ਕਿ ਸੈਲਮੋਨਿਡਜ਼ (ਜਿਵੇਂ ਕਿ ਓਨਕੋਰੀਨਚਸ ਮਾਈਕਿਸ), ਨਮਕ-ਸਹਿਣਸ਼ੀਲ ਤਾਜ਼ੇ ਪਾਣੀ ਦੀਆਂ ਪ੍ਰਜਾਤੀਆਂ ਜਿਵੇਂ ਕਿ ਫਿਨਿਸ਼ (ਜਿਵੇਂ ਕਿ ਓਰੀਓਕ੍ਰੋਮਿਸ ਨੀਲੋਟਿਕਸ, ਬਿਡਿਆਨਸ) ਅਤੇ ਕ੍ਰਸਟੇਸ਼ੀਅਨ (ਜਿਵੇਂ ਕਿ ਮੈਕਰੋਬ੍ਰੈਚੀਅਮ



ਰੋਸੇਨਬਰਗੀ) ਸ਼ਾਮਲ ਹਨ। ਇਸ ਤੋਂ ਇਲਾਵਾ, ਬੈਰਾਮੁੰਡੀ, ਪੰਗਾਸੀਆਨੇਡੋਨ ਹਾਈਪੋਫਥੈਲਮਸ, ਮੁਗਿਲ ਸੇਫਾਲਸ, ਐਟ੍ਰੋਪਲਸ ਸੁਰੈਟੈਂਸਿਸ, ਕਾਮਨ ਕਾਰਪ ਅੰਦਰੂਨੀ ਖਾਰੇ ਪਾਣੀ ਸਭ ਤੋਂ ਵੱਧ ਸੰਸਕ੍ਰਿਤ ਮੱਛੀਆਂ ਹਨ। ਇਸ ਤੋਂ ਇਲਾਵਾ ਵੱਖ-ਵੱਖ ਸ਼ੈੱਲਫਿਸ਼ਾਂ ਜਿਵੇਂ ਕਿ ਲਿਟੋਪੇਨੀਅਸ ਵੈਨਾਮੀ ਅਤੇ ਮੈਕਰੋਬ੍ਰੈਚੀਅਮ ਰੋਸੇਨਬਰਗੀ ਨੂੰ ਵੀ ਭਾਰਤੀ ਅੰਦਰੂਨੀ ਖਾਰੇ ਪਾਣੀ ਵਿੱਚ ਪਾਲਿਆ ਜਾਂਦਾ ਹੈ। ਦੁਨੀਆ ਭਰ ਵਿੱਚ ਜ਼ਿਆਦਾਤਰ ਥਾਵਾਂ 'ਤੇ ਅੰਦਰੂਨੀ ਖਾਰੇ ਪਾਣੀ ਲਈ ਪ੍ਰਾਇਮਰੀ ਉਮੀਦਵਾਰ ਝੀਂਗਾ ਪ੍ਰਸ਼ਾਂਤ ਚਿੱਟਾ ਝੀਂਗਾ, ਲਿਟੋਪੇਨੀਅਸ ਵੈਨਾਮੀ ਹੈ, ਜੋ ਕਿ ਉੱਤਰੀ ਪੇਰੂ ਤੋਂ ਮੈਕਸੀਕੋ ਤੱਕ ਪ੍ਰਸ਼ਾਂਤ ਤੱਟ ਦਾ ਮੂਲ ਨਿਵਾਸੀ ਹੈ। ਐਲ. ਵੈਨਾਮੀ ਨੂੰ ਪਹਿਲੀ ਵਾਰ 2009 ਵਿੱਚ ਪਾਇਲਟ ਪੈਮਾਨੇ 'ਤੇ ਭਾਰਤ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਸਭ ਤੋਂ ਸੰਭਾਵੀ ਜਲ-ਪਾਲਣ ਪ੍ਰਜਾਤੀਆਂ ਵਿੱਚੋਂ ਇੱਕ ਵਜੋਂ ਧਿਆਨ ਖਿੱਚਿਆ ਗਿਆ ਸੀ। ਇਹ ਮੁੱਖ ਤੌਰ 'ਤੇ ਦੋ ਰਾਜਾਂ ਪੰਜਾਬ ਅਤੇ ਹਰਿਆਣਾ ਵਿੱਚ ਅੰਦਰੂਨੀ ਖਾਰੇ ਪਾਣੀ ਵਿੱਚ ਸੰਸਕ੍ਰਿਤ ਕੀਤੀ ਜਾਂਦੀ ਹੈ। ਅੰਦਰੂਨੀ ਖਾਰੇਪਣ ਵਾਲੇ ਖੇਤਰਾਂ ਵਿੱਚ ਸਭ ਤੋਂ ਵੱਧ ਸੰਭਾਵੀ ਪ੍ਰਜਾਤੀਆਂ ਵਜੋਂ ਇਸਦੀ ਅਨੁਕੂਲਤਾ ਦਾ ਕਾਰਨ ਇਹ ਹੈ :

★ ਉੱਚ ਵਿਕਾਸ ਦਰ।

★ ਉੱਚ ਸਟਾਕਿੰਗ ਘਣਤਾ ਪ੍ਰਤੀ ਸਹਿਣਸ਼ੀਲਤਾ (ਤੱਟਵਰਤੀ ਜਲ-ਖੇਤੀ ਅਥਾਰਟੀ ਦੁਆਰਾ ਸਿਫ਼ਾਰਸ਼ ਕੀਤੀ ਸਟਾਕਿੰਗ ਘਣਤਾ 60 ਮੀਟਰ ਸਕੇਅਰ)।

★ ਘੱਟ ਪ੍ਰੋਟੀਨ ਖੁਰਾਕ ਦੀ ਵਰਤੋਂ।

★ ਵਾਤਾਵਰਣ ਦੇ ਉਤਰਾਅ-ਚੜ੍ਹਾਅ ਦੀ ਇੱਕ ਵਿਸ਼ਾਲ ਸ਼੍ਰੇਣੀ ਖਾਸ ਕਰਕੇ ਤਾਪਮਾਨ (15-30°C) ਅਤੇ ਖਾਰੇਪਣ (0.5-45 ਪੀ.ਪੀ.ਟੀ.) ਪ੍ਰਤੀ ਸਹਿਣਸ਼ੀਲਤਾ।

★ ਕੈਦੀ ਸਥਿਤੀ ਵਿੱਚ ਪਰਿਪੱਕਤਾ ਪ੍ਰਾਪਤ ਕਰੋ ਜੋ ਸਟਾਕਾਂ ਦੇ ਪਾਲਣ-ਪੋਸ਼ਣ ਅਤੇ ਜੈਨੇਟਿਕ ਸੁਧਾਰ ਨੂੰ ਸਮਰੱਥ ਬਣਾਉਂਦਾ ਹੈ।

★ ਇਹ ਪੇਨੀਅਸ ਮੋਨੋਡੋਨ ਦੇ ਮੁਕਾਬਲੇ ਵੱਧ ਮੀਟ ਉਪਜ ਦਿੰਦਾ ਹੈ।

★ ਕੈਦੀ ਵਿੱਚ ਓਪਨ ਥਾਈਲਿਕਸ ਦੇ ਕਾਰਨ ਸਪੌਨਿੰਗ ਆਸਾਨ ਹੁੰਦੀ ਹੈ।

★ ਉੱਚ ਬਿਮਾਰੀ ਪ੍ਰਤੀਰੋਧ।

(ਚੱਲਦਾ)

# ਕਿਸਾਨੀ ਦਾ ਭਵਿੱਖ ਸਰਕਾਰ ਤੇ ਸਮਾਜ ਦੀ ਜ਼ਿੰਮੇਵਾਰੀ

**ਖੇਤੀ ਨੂੰ ਸਿਰਫ਼ ਉਤਪਾਦਨ ਤੱਕ ਸੀਮਤ ਨਾ ਰੱਖ ਕੇ ਪ੍ਰੋਸੈਸਿੰਗ, ਸਟੋਰੇਜ ਤੇ ਵੈਲਿਊ ਐਡੀਸ਼ਨ ਨਾਲ ਜੋੜਿਆ ਜਾਵੇ ਤਾਂ ਜੇ ਕਿਸਾਨ ਦੀ ਆਮਦਨ ਵਿੱਚ ਵਾਧਾ ਹੋ ਸਕੇ...**

ਗੁਰਦੀਪ ਸਿੰਘ ਭੁੱਲਰ
ਮੋ. 94172-41037

ਲੰਮੇ ਅਰਸੇ ਤੋਂ ਪੰਜਾਬ ਦੀ ਪਵਿੱਤਰ ਧਰਤੀ ਉੱਤੇ ਖੇਤੀਬਾੜੀ ਸਦਾ ਲਈ ਰੋਜ਼ੀ-ਰੋਟੀ ਦਾ ਮੁੱਖ ਸਾਧਨ ਰਹੀ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਇਹ ਅਜਿਹਾ ਸੰਘਰਸ਼ ਬਣ ਚੁੱਕੀ ਹੈ, ਜਿਸ ਵਿੱਚ ਕਿਸਾਨ ਆਪਣੀ ਮਿਹਨਤ ਆਪਣੀ ਆਸ ਅਤੇ ਇੱਥੋਂ ਤੱਕ ਕਿ ਕਈ ਵਾਰ ਉਹ ਆਪਣੀ ਜ਼ਿੰਦਗੀ ਤੱਕ ਦਾਅ ਉੱਤੇ ਲਾ ਬੈਠਦਾ ਹੈ। ਅੱਜ ਹਾਲਾਤ ਇਹ ਹਨ ਕਿ ਖੇਤਾਂ ਵਿੱਚ ਸੋਨਾ ਉਗਾਉਣ ਵਾਲਾ ਅੰਨਦਾਤਾ ਖ਼ੁਦ ਕਰਜ਼ੇ, ਅਨਿਸ਼ਚਿਤ ਆਮਦਨ, ਵਧਦੀਆਂ ਲਾਗਤਾਂ ਤੇ ਨੀਤੀਆਂ ਦੀ ਅਸਪਸ਼ਟਤਾ ਦੇ ਬੋਝ ਹੇਠ ਦੱਬਿਆ



ਹੋਇਆ ਹੈ। ਆਏ ਦਿਨ ਬੀਜ, ਖਾਦ, ਕੀਟਨਾਸ਼ਕ ਦਵਾਈਆਂ, ਡੀਜ਼ਲ, ਮਜ਼ਦੂਰੀ ਤੇ ਮਸ਼ੀਨਰੀ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ ਪਰ ਫ਼ਸਲਾਂ ਦੇ ਭਾਅ ਉਸੇ ਅਨੁਪਾਤ ਵਿੱਚ ਨਹੀਂ ਵੱਧ ਰਹੇ, ਜਿਸ ਕਾਰਨ ਖੇਤੀ ਮੁਨਾਫ਼ੇ ਦੀ ਬਜਾਏ ਘਾਟੇ ਦਾ ਸੌਦਾ ਬਣਦੀ ਜਾ ਰਹੀ ਹੈ। ਸਰਕਾਰਾਂ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਤਾਂ ਕਰ ਦਿੱਤਾ ਜਾਂਦਾ ਹੈ ਪਰ ਹਰ ਫ਼ਸਲ ਦੀ ਪੂਰੀ ਖ਼ਰੀਦ ਦੀ ਪੱਕੀ ਗਾਰੰਟੀ ਨਾ ਹੋਣ ਕਰਕੇ ਕਿਸਾਨ ਨੂੰ ਆਪਣੀ ਫ਼ਸਲ ਅਕਸਰ ਹੀ ਮੰਡੀ ਵਿੱਚ ਔਣੇ-ਪੌਣੇ ਭਾਅ 'ਤੇ ਵੇਚਣੀ ਪੈਂਦੀ ਹੈ। ਜਦੋਂ ਇਨਸਾਨ ਨੂੰ ਆਪਣੀ ਕੀਤੀ ਹੋਈ ਮਿਹਨਤ ਦਾ ਉਚਿਤ ਮੁੱਲ ਨਾ ਮਿਲੇ ਤਾਂ ਸੁਭਾਵਿਕ ਹੈ ਕਿ ਉਸ ਦੀ ਹਿੰਮਤ ਟੁੱਟਣ ਲੱਗਦੀ ਹੈ ਤੇ ਇਹੀ ਹਾਲ ਪੰਜਾਬ ਦੇ ਅਨੇਕਾਂ ਘਰਾਂ ਦਾ ਹੈ, ਜਿੱਥੇ ਬੈਂਕ ਕਰਜ਼ਿਆਂ ਦੇ ਨੋਟਿਸ ਤੇ ਸ਼ਾਹੂਕਾਰਾਂ ਦੀ ਦੇਣਦਾਰੀਆਂ ਘਰੇਲੂ ਚਿੰਤਾ ਦਾ ਸਥਾਈ ਹਿੱਸਾ ਬਣ ਚੁੱਕੀਆਂ ਹਨ।

### ਮੌਸਮ ਤਬਦੀਲੀ ਬਣਦੀ ਪਰੇਸ਼ਾਨੀ ਦਾ ਸਬੱਬ

ਖੇਤੀ ਦੇ ਵੱਧ ਰਹੇ ਖ਼ਰਚ ਤੋਂ ਇਲਾਵਾ ਮੌਸਮ ਦੀਆਂ ਤਬਦੀਲੀਆਂ ਵੀ ਕਿਤੇ ਨਾ ਕਿਤੇ ਕਿਸਾਨ ਦੀ ਪਰੇਸ਼ਾਨੀ ਦਾ ਸਬੱਬ ਬਣਦੀਆਂ ਹਨ, ਜਿਵੇਂ ਪੱਕੀ ਫ਼ਸਲ ਉੱਪਰ ਬੇਮੌਸਮੀ ਬਾਰਿਸ਼ ਜਾਂ ਗੜੇਮਾਰੀ, ਕਦੇ ਸੋਕਾ ਜਾਂ ਸੁੰਡੀ ਕੀੜਿਆਂ ਦਾ ਹਮਲਾ ਇਹ ਸਭ ਕੁਝ ਇੱਕੋ ਸੀਜ਼ਨ ਵਿੱਚ ਹੀ ਕਿਸਾਨ ਦੀ ਸਾਲਾਂ ਦੀ ਮਿਹਨਤ ਮਿਟਾ ਦਿੰਦਾ ਹੈ ਅਤੇ ਦੂਜੇ ਪਾਸੇ ਸਰਕਾਰੀ ਯੋਜਨਾਵਾਂ ਤਹਿਤ ਮਿਲਣ ਵਾਲੇ ਕਿਸੇ ਤਰ੍ਹਾਂ ਦੇ ਮੁਆਵਜ਼ੇ ਵਿੱਚ ਦੇਰੀ ਹੋਣ ਕਾਰਨ ਕਿਸਾਨ ਨੂੰ ਤੁਰੰਤ ਰਾਹਤ ਨਹੀਂ ਮਿਲਦੀ।

ਇਸ ਤੋਂ ਇਲਾਵਾ ਪੰਜਾਬ ਦੀ ਧਰਤੀ ਜਿਸ ਨੇ ਕਦੇ ਹਰੀ ਕ੍ਰਾਂਤੀ ਦੇ ਦੌਰ ਵਿੱਚ ਦੇਸ਼ ਨੂੰ ਅਨਾਜ ਪੱਖੋਂ ਆਤਮ-ਨਿਰਭਰ ਬਣਾਇਆ, ਅੱਜ ਖ਼ੁਦ ਥਕਾਵਟ ਦਾ ਸ਼ਿਕਾਰ ਹੋ ਚੁੱਕੀ ਹੈ। ਕਣਕ-ਝੋਨੇ ਦੇ ਫ਼ਸਲੀ ਚੱਕਰ ਕਾਰਨ ਜ਼ਮੀਨ ਅੰਦਰਲੇ ਪਾਣੀ ਦਾ ਪੱਧਰ ਦਿਨੋਂ ਦਿਨ ਕਾਫ਼ੀ ਹੇਠਾਂ ਜਾ ਰਿਹਾ ਹੈ ਅਤੇ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਕਾਰਨ ਮਿੱਟੀ ਦੀ ਉਪਜਾਊ ਸ਼ਕਤੀ ਵੀ ਕਾਫ਼ੀ ਘੱਟ ਚੁੱਕੀ ਹੈ। ਇਸ ਗੰਭੀਰ ਸੰਕਟ ਦਾ ਬੋਝ ਵੀ ਕਿਸਾਨ ਵਰਗ ਹੀ ਝੱਲ ਰਿਹਾ ਹੈ ਕਿਉਂਕਿ ਉਸ ਨੂੰ ਆਪਣੀ ਪੈਦਾਵਾਰ ਬਚਾਉਣ ਲਈ ਹੋਰ ਅਨੇਕ ਤਰ੍ਹਾਂ ਦੇ ਖ਼ਰਚ ਕਰਨੇ ਪੈਂਦੇ ਹਨ।

### ਸਹਿਕਾਰੀ ਮਾਡਲਾਂ ਨੂੰ ਕੀਤਾ ਜਾਵੇ ਮਜ਼ਬੂਤ

ਕਣਕ ਝੋਨੇ ਦੇ ਫ਼ਸਲੀ ਚੱਕਰ ਤੋਂ ਬਾਹਰ ਨਿਕਲ ਕੇ ਗੰਨਾ, ਮੱਕੀ, ਦਾਲਾਂ, ਸਬਜ਼ੀਆਂ ਅਤੇ ਫ਼ਲਾਂ ਦੀ ਖੇਤੀ ਵੱਲ ਰੁਝਾਨ ਵਧਾਉਣ ਲਈ ਪ੍ਰੇਰਕ ਨੀਤੀਆਂ ਢੁੱਕਵਾਂ ਭਾਅ ਅਤੇ ਬਾਜ਼ਾਰ ਦੀ ਪੱਕੀ ਵਿਵਸਥਾ ਲਾਜ਼ਮੀ ਕਰਨਾ ਬਹੁਤ ਜ਼ਰੂਰੀ



ਹੈ। ਅਜੋਕੇ ਸਮੇਂ ਵਿੱਚ ਖੇਤੀ ਨੂੰ ਸਿਰਫ਼ ਉਤਪਾਦਨ ਤੱਕ ਸੀਮਤ ਨਾ ਰੱਖ ਕੇ ਪ੍ਰੋਸੈਸਿੰਗ ਸਟੋਰੇਜ਼ ਤੇ ਵੈਲਿਊ ਐਡੀਸ਼ਨ ਨਾਲ ਜੋੜਿਆ ਜਾਵੇ ਤਾਂ ਜੋ ਕਿਸਾਨ ਦੀ ਆਮਦਨ ਵਿੱਚ ਵਾਧਾ ਹੋ ਸਕੇ। ਜੇਕਰ ਪਿੰਡ ਪੱਧਰ 'ਤੇ ਕੋਲਡ ਸਟੋਰੇਜ ਛੋਟੇ ਪ੍ਰੋਸੈਸਿੰਗ ਯੂਨਿਟ ਅਤੇ ਸਹਿਕਾਰੀ ਮਾਡਲਾਂ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਮੱਧਵਰਤੀ ਤੱਤਾਂ ਦੀ ਭੂਮਿਕਾ ਘਟ ਸਕਦੀ ਹੈ ਅਤੇ ਉਤਪਾਦਨ ਤੱਕ ਸਿੱਧਾ ਲਾਭ ਪਹੁੰਚ ਸਕਦਾ ਹੈ।

ਕਿਸਾਨਾਂ ਨੂੰ ਆਧੁਨਿਕ ਤਕਨੀਕ, ਜੈਵਿਕ ਖੇਤੀ, ਪਾਣੀ ਬਚਾਉਣ ਵਾਲੀਆਂ ਵਿਧੀਆਂ ਅਤੇ ਮਿੱਟੀ ਦੀ ਜਾਂਚ ਬਾਰੇ ਵੀ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਖੇਤੀ ਉੱਪਰ ਹੋਣ ਵਾਲੇ ਖ਼ਰਚ ਨੂੰ ਘਟਾ ਕੇ ਉਪਜ ਦੀ ਗੁਣਵੱਤਾ ਨੂੰ ਵਧਾਇਆ ਜਾ ਸਕੇ। ਖੇਤੀਬਾੜੀ ਦੇ ਧੰਦੇ ਨੂੰ ਸਨਮਾਨ ਦੇਣਾ ਸਿਰਫ਼ ਸ਼ਬਦਾਂ ਵਿੱਚ ਹੀ ਨਹੀਂ ਸਗੋਂ ਨੀਤੀਆਂ ਤੇ ਵਰਤਾਰਿਆਂ ਵਿੱਚ ਵੀ ਪ੍ਰਤੱਖ ਦਿਸਣਾ ਚਾਹੀਦਾ ਹੈ।

### ਸਹਿਯੋਗ ਦੀ ਭਾਵਨਾ

ਅੱਜ ਲੋੜ ਹੈ ਕਿ ਕਿਸਾਨੀ ਨੂੰ ਸਿਰਫ਼ ਰਾਜਨੀਤਕ ਮੁੱਦਾ ਬਣਾਉਣ ਦੀ ਬਜਾਏ ਰਾਸ਼ਟਰੀ ਤਰਜੀਹ ਬਣਾਇਆ ਜਾਵੇ ਕਿਉਂਕਿ ਜੇ ਦੇਸ਼ ਦਾ ਅੰਨਦਾਤਾ ਆਰਥਿਕ ਪੱਖੋਂ ਮਜ਼ਬੂਤ ਹੋਵੇਗਾ ਤਾਂ ਹੀ ਦੇਸ਼ ਦੀ ਆਰਥਿਕਤਾ ਤੇ ਖਾਦ ਸੁਰੱਖਿਆ ਮਜ਼ਬੂਤ ਰਹਿ ਸਕੇਗੀ। ਪੁਰਾਤਨ ਸਮੇਂ ਤੋਂ ਲੈ ਕੇ ਅੱਜ ਤੱਕ ਪੰਜਾਬ ਦੀ ਮਿੱਟੀ ਨੇ ਪੂਰੇ ਦੇਸ਼ ਨੂੰ ਪੇਟ ਭਰ ਅਨਾਜ ਦਿੱਤਾ ਹੈ ਤੇ ਹੁਣ ਸਮਾਂ ਹੈ ਕਿ ਦੇਸ਼ ਉਸ ਮਿੱਟੀ ਅਤੇ ਉਸ ਮਿੱਟੀ ਨਾਲ ਜੁੜੇ ਕਿਸਾਨ ਨੂੰ ਉਸ ਦਾ ਬਣਦਾ ਹੱਕ ਤੇ ਨਿਆਂ ਦੇਵੇ। ਕਿਸਾਨੀ ਸੰਕਟ ਦਾ ਹੱਲ ਸਿਰਫ਼ ਇਕ ਕਾਨੂੰਨ ਜਾਂ ਇਕ ਫ਼ੈਸਲੇ ਨਾਲ ਨਹੀਂ ਨਿਕਲੇਗਾ ਸਗੋਂ ਇਸ ਪ੍ਰਤੀ ਸਰਕਾਰ, ਵਿਗਿਆਨੀ, ਆਰਥਿਕ, ਵਿਦਵਾਨ, ਸਮਾਜਿਕ ਸੰਸਥਾਵਾਂ ਤੇ ਖ਼ੁਦ ਕਿਸਾਨ ਮਿਲ ਬੈਠ ਕੇ ਸਾਂਝਾ ਰੋਡਮੈਪ ਤਿਆਰ ਕਰਨ, ਜਿਸ ਵਿੱਚ ਪਾਣੀ ਦੀ ਸੰਭਾਲ, ਮਿੱਟੀ ਦੀ ਸੁਰੱਖਿਆ, ਫ਼ਸਲੀ ਵਿਭਿੰਨਤਾ, ਪੱਕੀ ਖ਼ਰੀਦ, ਨਿਰਯਾਤ ਦੇ ਮੌਕੇ ਅਤੇ ਪਿੰਡ ਪੱਧਰ 'ਤੇ ਰੁਜ਼ਗਾਰ ਸਿਰਜਣੇ ਵੀ ਸ਼ਾਮਿਲ ਹੋਣ। ਜੇ ਅਸੀਂ ਅੱਜ ਢੁੱਕਵੇਂ ਕਦਮ ਨਹੀਂ ਚੁੱਕਦੇ ਤਾਂ ਭਵਿੱਖ ਵਿੱਚ ਖਾਦ ਸੁਰੱਖਿਆ ਅਤੇ ਪਿੰਡਾਂ ਦੀ ਅਰਥ-ਵਿਵਸਥਾ ਦੋਵੇਂ ਗੰਭੀਰ ਸੰਕਟ ਦਾ ਸਾਹਮਣਾ ਕਰ ਸਕਦੀਆਂ ਹਨ। ਇਸ ਲਈ ਲਾਜ਼ਮੀ ਹੈ ਕਿ ਅੰਨਦਾਤਾ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਸਮਝ ਕੇ ਇਸ ਦੇ ਹੱਲ ਕੱਢੇ ਜਾਣ। ਅੱਜ ਲੋੜ ਹੈ ਕਿ ਸੰਘਰਸ਼ ਦੀ ਥਾਂ ਸੰਵਾਦ ਅਤੇ ਟਕਰਾਅ ਦੀ ਥਾਂ ਸਹਿਯੋਗ ਦੀ ਭਾਵਨਾ ਵਿਕਸਿਤ ਹੋਵੇ ਤਾਂ ਜੋ ਕਿਸਾਨ ਨੂੰ ਇਹ ਭਰੋਸਾ ਮਿਲ ਸਕੇ ਕਿ ਉਹ ਇਕੱਲਾ ਨਹੀਂ ਹੈ। ਪੰਜਾਬ ਦੇ ਖੇਤਾਂ ਵਿੱਚ ਫਿਰ ਤੋਂ ਖੁਸ਼ਹਾਲੀ ਤੇ ਹਰਿਆਲੀ ਲਿਆਉਣ ਲਈ ਨੀਤੀ, ਨੀਅਤ ਤੇ ਨੀਯਤ ਤਿੰਨਾਂ ਦਾ ਸਾਫ਼ ਹੋਣਾ ਆਦਿ ਜ਼ਰੂਰੀ ਹੈ ਕਿਉਂਕਿ ਜੇ ਅੰਨਦਾਤਾ ਆਰਥਿਕ ਪੱਖੋਂ ਖੁਸ਼ਹਾਲ ਹੋਵੇਗਾ ਤਾਂ ਹੀ ਦੇਸ਼ ਖੁਸ਼ਹਾਲ ਹੋਵੇਗਾ ਅਤੇ ਸਾਡੀ ਅਰਥ-ਵਿਵਸਥਾ ਦੀ ਜੜ੍ਹ ਹਮੇਸ਼ਾ ਲਈ ਮਜ਼ਬੂਤ ਰਹੇਗੀ।



# ਝੋਨਾ ਲਾਉਣ ਵਾਲੀ ਮਸ਼ੀਨ ਪੂਰਾ ਨਾ ਕਰ ਸਕੀ ਮਜ਼ਦੂਰਾਂ ਦੀ ਘਾਟ

**ਮਜ਼ਦੂਰਾਂ ਦੀ ਘਾਟ ਪੂਰਾ ਕਰਨ ਲਈ ਝੋਨਾ ਲਾਉਣ ਵਾਲੀ ਮਸ਼ੀਨ ਦੀ ਵਰਤੋਂ ਦਾ ਰੁਝਾਨ ਵਧਣਾ ਚਾਹੀਦਾ ਸੀ ਪਰ ਇਸ ਮਸ਼ੀਨ ਦਾ ਕਾਰੋਬਾਰ ਸਿਮਟ ਕੇ ਰਹਿ ਗਿਆ ਹੈ...**

ਬ੍ਰਿਸ ਭਾਨ ਬੁਜਰਕ
ਮੋ. 98761-01698

ਪੰਜਾਬ ਵਿੱਚ ਝੋਨੇ ਦੀ ਲਵਾਈ ਤਿੰਨ ਪੜਾਵਾਂ ਵਿੱਚ ਸ਼ੁਰੂ ਹੋ ਚੁੱਕੀ ਹੈ। ਝੋਨਾ ਲਾਉਣ ਲਈ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦਾ ਪੰਜਾਬ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ। ਦੂਸਰੇ ਪਾਸੇ ਪੰਜਾਬ ਅੰਦਰ ਖੇਤੀ ਦੇ ਖੇਤਰ ਵਿੱਚ ਮਜ਼ਦੂਰਾਂ ਦੀ ਘਾਟ ਮਹਿਸੂਸ ਹੋਣੀ ਆਮ ਜਿਹੀ ਗੱਲ ਹੋ ਗਈ ਹੈ ਕਿਉਂਕਿ ਕਿਸਾਨਾਂ ਦੇ ਆਪਣੇ ਬੱਚੇ ਜਾਂ ਤਾਂ ਵਿਦੇਸ਼ ਚਲੇ ਗਏ ਹਨ ਜਾਂ ਫਿਰ ਖੇਤੀ ਦਾ ਧੰਦਾ ਖ਼ੁਦ ਨਹੀਂ ਕਰਨਾ ਚਾਹੁੰਦੇ।

ਇਸ ਸੀਜ਼ਨ ਦੌਰਾਨ ਬਿਹਾਰ ਤੇ ਯੂ. ਪੀ. ਤੋਂ ਸਭ ਤੋਂ ਵੱਧ ਮਜ਼ਦੂਰ ਝੋਨਾ ਲਾਉਣ ਲਈ ਪੰਜਾਬ ਆਏ ਹੋਏ ਹਨ ਕਿਉਂਕਿ ਪੰਜਾਬ ਵਿੱਚ ਝੋਨਾ ਲਾਉਣ ਵਾਲੀ ਮਸ਼ੀਨ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਨਹੀਂ ਕਰ ਸਕੀ। 90 ਤੋਂ ਮਗਰਲੇ ਸਾਲਾਂ ਦੌਰਾਨ ਪੰਜਾਬ ਅੰਦਰ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਘਰ ਤੇ ਖੇਤਾਂ ਵਿੱਚ ਕੰਮ ਕਰਦੇ ਸਨ। ਹੁਣ ਖੇਤੀ ਦੇ ਹਰ ਖੇਤਰ ਵਿੱਚ ਮਸ਼ੀਨਾਂ ਦਾ ਬੋਲਬਾਲਾ ਹੋ ਗਿਆ ਹੈ। ਮੂੰਗਫਲੀ, ਮੂੰਗੀ, ਕਮਾਦ ਬੀਜਣਾ, ਝੋਨਾ ਲਗਾਉਣਾ, ਲਸ਼ਨ ਬੀਜਣਾ ਆਦਿ ਤੋਂ ਲੈ ਕੇ ਹਰ ਫ਼ਸਲ ਲਈ ਮਸ਼ੀਨਰੀ ਦੀ ਵਰਤੋਂ ਹੋਣ ਲੱਗੀ ਹੈ। ਹੁਣ ਪੰਜਾਬ ਅੰਦਰ ਝੋਨੇ ਦੀ ਲਵਾਈ ਸ਼ੁਰੂ ਹੋ ਚੁੱਕੀ ਹੈ ਪਰ ਮਜ਼ਦੂਰਾਂ ਦੀ ਘਾਟ ਰੜਕਦੀ ਹੈ। ਪੇਂਡੂ ਖੇਤਰਾਂ ਵਿੱਚ ਤਾਂ ਮਜ਼ਦੂਰ ਭਾਲਿਆ ਵੀ ਨਹੀਂ ਲੱਭਦਾ।

ਪੰਜਾਬ ਵਿੱਚ ਝੋਨਾ ਲਗਾਉਣ ਵਾਲੀ ਮਸ਼ੀਨ ਦੀ ਵਰਤੋਂ ਦਾ ਰੁਝਾਨ ਵਧਿਆ ਸੀ ਪਰ ਝੋਨਾ ਲਾਉਣ ਵਾਲੀ ਮਸ਼ੀਨ ਨਾਲ ਜਿੰਨੀ ਉਮੀਦ ਸੀ, ਓਨਾ ਕੰਮ ਪੰਜਾਬ ਵਿੱਚ ਨਹੀਂ ਹੋਇਆ, ਜਿਸ ਕਰਕੇ ਹਰ ਸਾਲ ਝੋਨੇ ਦੀ ਸਿੱਧੀ ਬਿਜਾਈ ਵੀ ਕੀਤੀ ਜਾਂਦੀ ਹੈ। ਫਿਰ ਵੀ ਝੋਨਾ ਲਗਾਉਣਾ ਬਹੁਤ ਗਿਣਤੀ ਕਿਸਾਨਾਂ ਦੀ ਮਜ਼ਬੂਰੀ ਹੈ। 50 ਏਕੜ ਤੋਂ ਜ਼ਿਆਦਾ ਝੋਨਾ ਲਗਾਉਣ ਵਾਲੇ ਕਿਸਾਨਾਂ ਨੂੰ ਮਜ਼ਦੂਰਾਂ ਦੀ ਸਮੱਸਿਆ ਆ ਰਹੀ ਹੈ, ਜਿਸ ਕਰਕੇ ਉਨ੍ਹਾਂ ਲਈ ਝੋਨਾ ਲਗਾਉਣ ਵਾਲੀ ਮਸ਼ੀਨ ਲਾਹੇਵੰਦ ਸਿੱਧ ਹੋ ਸਕਦੀ ਸੀ। ਇਹ ਮਸ਼ੀਨ ਕੰਬਾਇਨ, ਜ਼ੀਰੋ ਡਰਿੱਲ ਤੇ ਹੋਰ ਖੇਤੀ ਮਸ਼ੀਨਰੀ ਨਾਲੋਂ ਕਿਤੇ ਵਧੀਆ ਸੀ ਕਿਉਂਕਿ 50 ਏਕੜ ਤੇ ਇਸ ਤੋਂ ਜ਼ਿਆਦਾ ਝੋਨਾ ਲਗਾਉਣ ਵਾਲਾ ਕਿਸਾਨ ਇਸ ਨੂੰ ਖ਼ਰੀਦ ਵੀ ਸਕਦਾ ਹੈ। ਖੇਤੀਬਾੜੀ ਵਿਭਾਗ ਵੱਲੋਂ ਇਸ ਮਸ਼ੀਨ 'ਤੇ ਸਬਸਿਡੀ ਵੀ ਦਿੱਤੀ ਜਾਂਦੀ ਹੈ। ਹੋਰਨਾਂ ਮਸ਼ੀਨਾਂ ਦੇ ਬਦਲੇ ਇਹ ਮਸ਼ੀਨ ਸਸਤੀ ਪੈਂਦੀ ਹੈ। ਬੇਸ਼ੱਕ ਪੰਜਾਬ ਵਿੱਚ ਹੱਥੀਂ ਕੰਮ ਕਰਾਉਣ ਲਈ ਮਜ਼ਦੂਰਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਪਰ ਮਜ਼ਦੂਰ ਬਹੁਤ ਘੱਟ ਮਿਲਦੇ ਹਨ। ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਕਈ ਕਿਸਾਨ ਆਪਣੇ ਖੇਤਾਂ ਵਿੱਚ ਮਸ਼ੀਨ ਨਾਲ ਝੋਨਾ ਲਗਾਉਣ ਦੇ ਨਾਲ ਹੀ ਹੋਰ ਕਿਸਾਨਾਂ ਦੇ ਖੇਤਾਂ ਵਿੱਚ ਮਸ਼ੀਨਾਂ ਨਾਲ ਝੋਨਾ ਲਗਾਉਂਦੇ ਹਨ ਜਾਂ ਫਿਰ ਇਹ ਕਹਿ ਲਈਏ ਕਿ ਝੋਨਾ ਲਾਉਣ ਵਾਲੀ ਮਸ਼ੀਨ ਨੂੰ ਸਹਾਇਕ ਧੰਦੇ ਵਜੋਂ ਵੀ ਵਰਤਿਆ ਜਾ ਸਕਦਾ ਹੈ। ਸਰਦੀ ਦੇ ਮੌਸਮ ਵਿੱਚ ਕੁਝ ਕਿਸਾਨ ਖੁੰਬਾਂ ਦੀ ਕਾਸ਼ਤ ਕਰਦੇ ਹਨ ਤੇ ਕੁਝ ਕਿਸਾਨ ਗੰਨੇ ਪੀੜਨ ਲਈ ਘੁਲਾੜੀ ਚਲਾਉਂਦੇ ਹਨ। ਇਸੇ ਤਰ੍ਹਾਂ ਸਾਉਣੀ ਦੀ ਫ਼ਸਲ ਮੌਕੇ ਝੋਨਾ ਲਾਉਣ ਵਾਲੀ ਮਸ਼ੀਨ ਵੀ ਰੱਖੀ ਜਾ ਸਕਦੀ ਹੈ। ਪੰਜਾਬ ਵਿੱਚ ਇਹੋ ਜਿਹੇ ਕਿਸਾਨ ਵੀ ਹਨ, ਜਿਹੜੇ ਝੋਨਾ ਲਗਾਉਣ ਵਾਲੀ ਇਕ ਮਸ਼ੀਨ ਲੈ ਕੇ ਆਏ ਸੀ। ਉਸ ਨਾਲ ਝੋਨੇ ਦੀ ਲਵਾਈ ਕਰ ਕੇ ਕਮਾਏ ਹੋਏ ਪੈਸਿਆਂ ਨਾਲ ਇਕ ਹੋਰ ਮਸ਼ੀਨ ਲੈ ਆਏ।

ਮਸ਼ੀਨ ਨਾਲ ਝੋਨਾ ਲਗਾਉਣ 'ਤੇ ਪ੍ਰਤੀ ਏਕੜ 3 ਕੁਇੰਟਲ ਝਾੜ ਵੀ ਵੱਧਦਾ ਹੈ ਤੇ ਇਕ ਏਕੜ ਦਾ ਝੋਨਾ ਲਗਾਉਣ ਲਈ ਮਸ਼ੀਨ 3/4 ਲਿਟਰ ਪੈਟਰੋਲ ਦੀ ਖਪਤ ਕਰਦੀ ਹੈ, ਜਿਸ ਕਰਕੇ ਝੋਨਾ ਲਗਾਉਣ ਵਾਲੀ ਮਸ਼ੀਨ ਤੋਂ ਘੱਟ ਖ਼ਰਚਾ ਕਿਸੇ ਵੀ ਢੰਗ ਨਾਲ ਨਹੀਂ ਆਉਂਦਾ। ਮਸ਼ੀਨ ਵਾਲੀ ਪਨੀਰੀ ਦੀ ਬਿਜਾਈ ਕਰਨ 'ਤੇ ਮਿਹਨਤ ਜ਼ਿਆਦਾ ਕਰਨੀ ਪੈਂਦੀ ਹੈ ਕਿਉਂਕਿ ਮਿੱਟੀ ਦੇ ਬੈੱਡ ਬਣਾ ਕੇ ਪਲਾਸਟਿਕ ਦੀ ਸ਼ੀਟ 'ਤੇ ਝੋਨੇ ਦੀ ਪਨੀਰੀ ਬੀਜਣੀ ਪੈਂਦੀ ਹੈ, ਜਿਸ ਕਰਕੇ ਪਨੀਰੀ ਬੀਜਣ 'ਤੇ ਮਿਹਨਤ ਜ਼ਿਆਦਾ ਹੈ। ਬੈੱਡਾਂ 'ਤੇ ਬੀਜੀ ਹੋਈ ਪਨੀਰੀ ਹੀ ਮਸ਼ੀਨ ਵਿੱਚ ਰੱਖ ਕੇ ਲਵਾਈ ਸ਼ੁਰੂ ਕੀਤੀ ਜਾਂਦੀ ਹੈ। ਕੁੱਲ ਮਿਲਾ ਕੇ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਝੋਨਾ ਲਾਉਣ ਵਾਲੀ ਮਸ਼ੀਨ ਦੀ ਵਰਤੋਂ ਕਰਨ ਦਾ ਰੁਝਾਨ ਵਧਣਾ ਚਾਹੀਦਾ ਸੀ ਪਰ ਝੋਨਾ ਲਾਉਣ ਵਾਲੀ ਮਸ਼ੀਨ ਦਾ ਕਾਰੋਬਾਰ ਸਿਮਟ ਕੇ ਰਹਿ ਗਿਆ ਤੇ ਇਹ ਮਸ਼ੀਨ ਪੰਜਾਬ ਵਿੱਚ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਨਹੀਂ ਕਰ ਸਕੀ।

# ਧਰਮੀ ਕਿਸਾਨ ਬਣੋ, ਨਹਿਰੀ ਪਾਣੀ ਲਾਓ



ਹਰਜੀਤ ਸਿੰਘ ਝੋਰੜਾਂ
ਐਮ. ਏ. ਪੰਜਾਬੀ
ਮੋ. 98726-85890



"ਨਹਿਰੀ ਪਾਣੀ ਲਾਉਣ ਨਾਲ ਫ਼ਸਲਾਂ ਦੇ ਝਾੜ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਅਸੀਂ ਧਰਮੀ ਕਿਸਾਨ ਹੋਣ ਦਾ ਫ਼ਰਜ ਨਿਭਾਉਂਦੇ ਹਾਂ । ਅਸਲੀ ਕਿਸਾਨ ਉਹੀ ਆ, ਜੋ ਨਹਿਰੀ ਪਾਣੀ ਲਾਉਣ ਨੂੰ ਆਪਣਾ ਧਰਮ ਤੇ ਕਰਮ ਸਮਝਦਾ ਹੈ ਅਤੇ ਕਹੀ ਮੋਢੇ ਉੱਪਰ ਰੱਖ ਕੇ ਮੋਘੇ 'ਤੇ ਗੇੜਾ ਮਾਰਨ ਜਾਂਦਾ ਹੈ । ਮਗਨਰੇਗਾ ਮਜ਼ਦੂਰਾਂ ਨੂੰ ਜੇਕਰ ਸੂਏ, ਕੱਸੀ ਦੇ ਖਾਲਾਂ ਉੱਪਰ ਕੰਮ ਦਿੱਤਾ ਜਾਵੇ ਤਾਂ ਸੋਨੇ 'ਤੇ ਸੁਹਾਗਾ ਹੋ ਜਾਵੇਗਾ । ਜਿਸ ਨਾਲ ਨਹਿਰੀ ਪਾਣੀ ਹੇਠ ਹੋਰ ਰਕਬਾ ਵਧੇਗਾ ਅਤੇ ਲੰਮੇ ਅਰਸੇ ਤੋਂ ਬੰਦ ਪਏ ਖੇਤਾਂ ਵਾਲੇ ਖਾਲ ਮੁੜ ਸੁਰਜੀਤ ਹੋਣਗੇ ।"

### ਟੇਲਾਂ 'ਤੇ ਨਹਿਰੀ ਪਾਣੀ

ਸਾਡੇ ਇੱਥੇ ਟੇਲਾਂ 'ਤੇ ਨਹਿਰੀ ਪਾਣੀ ਤਾਂ ਹਰ ਸਾਲ ਹੀ ਆਉਂਦਾ ਹੈ । ਪਰੰਤੂ ਹੁਣ ਸਾਡੇ ਤਾਂ ਮੋਘੇ ਨੇੜਲੇ ਕਿਸਾਨ ਹੀ ਨਹਿਰੀ ਪਾਣੀ ਦੀ ਜ਼ਿਆਦਾਤਰ ਵਰਤੋਂ ਕਰਦੇ ਹਨ । ਸ਼ੁਰੂ ਵਿੱਚ ਹੀ ਲਿਖ ਦਿਆਂ ਜੇ ਕਿਸਾਨ ਵੀਰ ਕਿਤੇ ਵੀ ਨਹਿਰੀ ਲਾਉਂਦੇ ਹਨ, ਉਨ੍ਹਾਂ ਦਾ ਤਹਿ ਦਿਲੋਂ ਸ਼ੁਕਰੀਆ, ਧੰਨਵਾਦ ਹੈ । ਮੋਘਿਆਂ ਤੀਕਰ ਪਾਣੀ ਆਉਂਦਾ ਹੈ, ਅੱਗੇ ਖਾਲਾਂ ਰਾਹੀਂ ਲੈ ਕੇ ਜਾਣਾ ਕਿਸਾਨੀ ਦਾ ਕੰਮ ਹੈ । ਇਕੱਲੀਆਂ ਮੋੜਾਂ 'ਤੇ ਖੜ੍ਹ ਕੇ ਕਿਸਾਨੀ ਗੱਲਾਂ ਮਾਰਨ ਦਾ ਕੀ ਫ਼ਾਇਦਾ ਜਦ ਅਸੀਂ ਨਹਿਰੀ ਪਾਣੀ ਲਾਉਣਾ ਹੀ ਨਹੀਂ ਹੈ । ਹੁਣ ਕੁੱਝ ਕਿਸਾਨ ਨੱਕੇ ਲਾਉਣ ਤੋਂ ਕੰਨੀ ਕਤਰਾਉਣ ਲੱਗੇ ਹਨ ਜਾਂ ਫਿਰ ਉਹ ਰਾਤ ਦੀ ਵਾਰੀ ਤੋਂ ਚੱਲਦੇ ਹਨ । ਕੁੱਝ ਕਿਸਾਨ ਇਸ ਲਈ ਖਾਲ ਕੱਢ ਕੇ ਪਾਣੀ ਨਹੀਂ ਲਿਜਾਂਦੇ ਕਿ ਜਦ ਮੀਂਹ ਪਵੇਗਾ ਤਾਂ ਸਾਰਾ ਪਾਣੀ ਉਨ੍ਹਾਂ ਦੇ ਖੇਤਾਂ ਵਿੱਚ ਹੀ ਆਵੇਗਾ ।

### ਪਹਿਲਾਂ ਸਾਰੀ ਕੱਸੀ ਪੁੱਟ ਕੇ ਲਿਆਉਣੀ

ਪਹਿਲਾਂ ਪਹਿਲ ਝੋਰੜਾਂ, ਜੱਟਪੁਰਾ ਦੇ ਕਿਸਾਨ ਰਾਏਕੋਟ ਹਲਡ ਕੋਲੋਂ ਸਾਰੀ ਕੱਸੀ ਪੁੱਟਣ ਲਈ ਤਿੰਨ ਟਰਾਲੀਆਂ ਰਾਹੀਂ ਜਾ ਕੇ ਕਰੀਬ ਇਕ ਹਫ਼ਤਾ ਲਾਉਂਦੇ ਸਨ । ਹੁਣ ਅਸੀਂ ਆਪਣੇ ਖੇਤਾਂ ਵਾਲੇ ਖਾਲ ਖਾਲਣੋਂ ਵੀ ਹੱਟ ਗਏ । ਉੱਥੇ ਤਾਂ ਹੱਦ ਹੀ ਜਾਪਦੀ ਹੈ ਜਿੱਥੇ ਨਹਿਰਾਂ, ਸੂਇਆਂ ਵਿੱਚੋਂ ਸਿੱਧੇ ਲੱਗੇ ਮੋਘਿਆਂ ਤੋਂ ਵੀ ਲੋਕਾਂ ਤੋਂ ਨਹਿਰੀ ਪਾਣੀ ਨਹੀਂ ਲਾਇਆ ਜਾਂਦਾ, ਜਿੱਥੇ ਜ਼ਿਆਦਾ ਪਾਣੀ ਵੀ ਪੈਂਦਾ ਹੈ । ਸਾਨੂੰ ਆਪਣੇ ਖੇਤਾਂ ਵਾਲਾ ਖਾਲ ਕੱਢ ਕੇ ਅਗਲੇ ਕਿਸਾਨ ਨੂੰ ਕਹਿ ਦੇਣਾ ਚਾਹੀਦਾ ਹੈ ਕਿ ਉਹ ਖਾਲ ਕੱਢ ਕੇ ਪਾਣੀ ਲੈ ਜਾਵੇ ।

### ਠੇਕੇ 'ਤੇ ਪੈਲੀ ਦੇਣ ਵਾਲਿਆਂ ਲਈ

ਠੇਕੇ 'ਤੇ ਪੈਲੀ ਦੇਣ ਵਾਲੇ ਵੀ ਜੇਕਰ ਧਰਤੀ ਹੇਠਲਾ ਪਾਣੀ ਬਚਾਉਣ ਪ੍ਰਤੀ ਸੁਹਿਰਦ ਹਨ ਤਾਂ ਉਨ੍ਹਾਂ ਨੂੰ ਵੀ ਇਹ ਗੱਲ ਜ਼ਰੂਰ ਦੇਖਣੀ ਚਾਹੀਦੀ ਹੈ ਕੀ ਇਹ ਕਿਸਾਨ ਸਾਡੇ ਖੇਤ ਵਿੱਚ ਨਹਿਰੀ ਪਾਣੀ ਲਾਉਂਦਾ ਹੈ ? ਇਕੱਲਾ ਮੋਟਰਾਂ ਉੱਪਰ ਤਾਂ ਨਹੀਂ ਜ਼ੋਰ ਦਿੰਦਾ ? ਜੇਕਰ ਲਾਉਂਦਾ ਹੋਵੇ ਤਾਂ ਠੇਕੇ ਦੀ ਰਕਮ ਵਿੱਚੋਂ ਥੋੜ੍ਹੀ ਛੋਟ ਦੇ ਦੇਣੀ ਚਾਹੀਦੀ ਹੈ ।

### ਨਹਿਰੀ ਪਾਣੀ ਨੂੰ ਧਰਮ ਤੇ ਕਰਮ ਸਮਝਣਾ

ਨਹਿਰੀ ਪਾਣੀ ਲਾਉਣ ਨਾਲ ਫ਼ਸਲਾਂ ਦੇ ਝਾੜ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਅਸੀਂ ਧਰਮੀ ਕਿਸਾਨ ਹੋਣ ਦਾ ਫ਼ਰਜ ਨਿਭਾਉਂਦੇ ਹਾਂ । ਅਸਲੀ ਕਿਸਾਨ ਉਹੀ ਆ, ਜੋ ਨਹਿਰੀ ਪਾਣੀ ਲਾਉਣ ਨੂੰ ਆਪਣਾ ਧਰਮ ਤੇ ਕਰਮ ਸਮਝਦਾ ਹੈ ਅਤੇ ਕਹੀ ਮੋਢੇ ਉੱਪਰ ਰੱਖ ਕੇ ਮੋਘੇ 'ਤੇ ਗੇੜਾ ਮਾਰਨ ਜਾਂਦਾ ਹੈ ।

### ਮਗਨਰੇਗਾ ਮਜ਼ਦੂਰਾਂ ਨੂੰ ਖਾਲਾਂ ਉੱਪਰ ਕੰਮ ਦੇਣਾ

ਇੱਕ ਚੰਗੇ ਕਦਮ ਲਈ, ਇਨ੍ਹਾਂ ਮਜ਼ਦੂਰਾਂ ਨੂੰ ਜੇਕਰ ਸੂਏ, ਕੱਸੀ ਦੇ ਖਾਲਾਂ ਉੱਪਰ ਕੰਮ ਦਿੱਤਾ ਜਾਵੇ ਤਾਂ ਸੋਨੇ 'ਤੇ ਸੁਹਾਗਾ ਹੋ ਜਾਵੇਗਾ । ਜਿਸ






ਨਾਲ ਨਹਿਰੀ ਪਾਣੀ ਹੇਠ ਹੋਰ ਰਕਬਾ ਵੱਧੇਗਾ ਅਤੇ ਲੰਮੇ ਅਰਸੇ ਤੋਂ ਬੰਦ ਪਏ ਖੇਤਾਂ ਵਾਲੇ ਖਾਲ ਮੁੜ ਸੁਰਜੀਤ ਹੋਣਗੇ । ਪੰਚਾਇਤ ਮਗਨਰੇਗਾ ਮਜ਼ਦੂਰਾਂ ਨੂੰ ਲਗਾ ਕੇ ਅੱਗੇ ਦੀ ਅੱਗੇ ਖਾਲ ਸਾਫ਼ ਕਰਵਾ ਸਕਦੀ ਹੈ । ਕਿਉਂਕਿ ਹੁਣ ਕਿਸਾਨ ਤਾਂ ਖਾਲ ਖਾਲ ਕੇ ਰਾਜ਼ੀ ਨਹੀਂ ਹਨ । ਬੱਸ ਹੁਣ ਇੰਨਾ ਹੀ ਬਹੁਤ ਆ, ਉਹ ਵੀ ਨਹਿਰੀ ਪਾਣੀ ਦੀ ਵਰਤੋਂ ਆਪਣੇ ਖੇਤਾਂ ਲਈ ਕਰ ਲੈਣ ।

### ਪੁਰਾਣੇ ਤੇ ਨਵੇਂ ਖਾਲਾਂ ਨਾਲ ਮਿੱਟੀ ਲਾ ਕੇ ਰੱਖਣੀ

ਉੱਦਮੀ ਪਿੰਡਾਂ ਵਾਲੇ ਸਭ ਲੋਕਾਂ ਨੇ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਆਪਣੇ ਖੇਤਾਂ ਵਿੱਚ ਚਾਰ ਇੰਚੀ ਤੋਂ ਨੌਂ ਇੰਚੀ ਨਵੇਂ ਖਾਲ ਬਣਵਾ ਲਏ ਅਤੇ ਜੋ ਕੱਚੇ ਹਨ ਉਹ ਵੀ ਪੱਕੇ ਕਰਵਾ ਲਏ । ਭਗਵੰਤ ਮਾਨ ਸਰਕਾਰ ਦੀ ਨਹਿਰੀ ਪਾਣੀਆਂ ਤਹਿਤ ਕਾਰਜ ਕਰਨ ਦੀ ਸ਼ਲਾਘਾ ਕਰਨੀ ਬਣਦੀ ਹੈ । ਇਨ੍ਹਾਂ ਪਤਾ ਨਹੀਂ ਕਿੰਨੇ ਹੀ ਨਵੇਂ ਖਾਲ ਬਣਵਾ ਦਿੱਤੇ ਅਤੇ ਕਿੰਨੇ ਹੀ ਖੇਤਾਂ ਵਿੱਚ ਪਾਇਪ ਪੁਆ ਦਿੱਤੇ ਹਨ । ਅਜਿਹੇ ਪਿੰਡਾਂ ਦੀ ਨਹਿਰੀ ਪਾਣੀਆਂ ਪ੍ਰਤੀ ਕੀਤੀ ਮਿਹਨਤ ਨੂੰ ਵੀ ਸਲਾਮ ਹੈ । ਇਹ ਨਵੇਂ ਖਾਲ ਦੀ ਫੋਟੋ ਪਿੰਡ ਬੁੱਟਰ ਕਲਾਂ ਤੋਂ ਲੈ ਕੇ ਸਾਂਝੀ ਕੀਤੀ ਹੈ । ਬਾਕੀ ਜੋ ਕਿਸਾਨ ਪੁਰਾਣੇ ਖਾਲਾਂ ਤੇ ਨਵੇਂ ਖਾਲਾਂ ਨਾਲ ਮਿੱਟੀ ਲਾ ਕੇ ਰੱਖਦੇ ਅਤੇ ਟੁੱਟਣ ਤੋਂ ਬਚਾਉਂਦੇ ਹਨ ਅਤੇ ਕੋਲੋਂ ਲੰਘਦੇ ਨਹਿਰੀ ਪਾਣੀ ਦੀ ਵਰਤੋਂ ਆਪਣੇ ਖੇਤਾਂ ਲਈ ਕਰਦੇ ਹਨ, ਪਰਮਾਤਮਾ ਉਨ੍ਹਾਂ ਕਿਸਾਨਾਂ ਨੂੰ ਹਾੜ੍ਹੀ ਸਾਉਣੀ ਵੇਲੇ ਜ਼ਰੂਰ ਬਰਕਤ ਪਾਉਂਦਾ ਰਹੇ ।

### ਪੰਜਾਬੀ ਸਰਕਾਰ ਲਈ ਤਜਵੀਜ਼

ਪੰਜਾਬ ਸਰਕਾਰ ਨੂੰ ਕੋਈ ਅਜਿਹੀ ਤਜਵੀਜ਼ ਲਿਆਉਣੀ ਚਾਹੀਦੀ ਹੈ ਜਿਸ ਨਾਲ ਹਰ ਕਿਸਾਨ ਆਪਣੇ ਖੇਤਾਂ ਲਈ ਨਹਿਰੀ ਪਾਣੀ ਦੀ ਵਰਤੋਂ ਨੂੰ ਯਕੀਨੀ ਬਣਾ ਸਕੇ । ਹਰ ਕਿਸਾਨ ਨੂੰ ਧਰਮੀ ਬਣਨ ਤਹਿਤ ਨਹਿਰੀ ਪਾਣੀ ਦੀ ਵਰਤੋਂ ਆਪਣੇ ਖੇਤਾਂ ਲਈ ਜ਼ਰੂਰ ਕਰਨੀ ਚਾਹੀਦੀ ਹੈ । ਜਿਸ ਨਾਲ ਅਸੀਂ ਧਰਤੀ ਹੇਠਲਾਂ ਪਾਣੀ ਕੱਢਣ ਤੋਂ ਗੁਰੇਜ਼ ਕਰ ਸਕੀਏ ।

ਸੋ, ਅਖੀਰ ਵਿੱਚ ਇਹੀ ਕਹਾਂਗਾ ਧਰਮੀ ਕਿਸਾਨ ਬਣੋ, ਨਹਿਰੀ ਪਾਣੀ ਲਾਓ ।

# ਪੰਜਾਬ ਵਿੱਚ ਇਥਾਨੋਲ ਉਦਯੋਗ ਦੇ ਵਿਕਸਿਤ ਹੋਣ ਨਾਲ ਮੱਕੀ ਦੀ ਮੰਗ ਵਧਣ ਲੱਗੀ

ਪੰਜਾਬ ਵਿੱਚ ਇਥਾਨੋਲ ਉਦਯੋਗ ਵਿਕਸਿਤ ਸੂਬੇ ਵਿੱਚ ਮੱਕੀ ਦੀ ਮੰਗ ਲਗਾਤਾਰ ਵੱਧ ਰਹੀ ਹੈ ਜਿਸ ਨੂੰ ਲੈ ਕੇ ਖੇਤੀਬਾੜੀ ਵਿਭਾਗ ਸਾਉਣੀ ਰੁੱਤ ਦੀ ਮੱਕੀ ਦੀ ਕਾਸ਼ਤ ਹੇਠ ਰਕਬਾ ਵਧਾਉਣ ਲਈ ਪੱਬਾਂ ਭਾਰ ਹੋਇਆ ਪਿਆ ਹੈ । ਇਸ ਮੁਹਿੰਮ ਦਾ ਮੁੱਖ ਉਦੇਸ਼ ਕਿਸਾਨਾਂ ਦੀ ਆਮਦਨ ਨੂੰ ਵਧਾਉਣ ਦੇ ਨਾਲ-ਨਾਲ ਖੇਤੀ ਲਾਗਤ ਨੂੰ ਘਟਾਉਣ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣਾ ਹੈ । ਖੇਤੀਬਾੜੀ ਅਫ਼ਸਰ ਡਾ. ਇੰਦਰਜੀਤ ਸਿੰਘ ਭੱਟੀ ਨੇ ਦੱਸਿਆ ਕਿ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਸਰਕਾਰ ਵੱਲੋਂ 17,000 ਰੁਪਏ ਪ੍ਰਤੀ ਹੈਕਟੇਅਰ ਦੀ ਰਾਸ਼ੀ ਵੀ ਦਿੱਤੀ ਜਾਵੇਗੀ । ਸਾਉਣੀ ਰੁੱਤ ਦੀ ਮੱਕੀ ਦੀਆਂ ਵੱਖ-ਵੱਖ ਕਿਸਮਾਂ ਦੀ ਬਿਜਾਈ ਦਾ ਸਮਾਂ 15 ਜੂਨ ਤੋਂ 31 ਜੁਲਾਈ ਤੱਕ ਦਾ ਹੈ । ਮੱਕੀ ਦੀ ਕਾਸ਼ਤ ਨੂੰ ਲੈ ਕੇ ਕਿਸਾਨਾਂ ਵਿੱਚ ਪੂਰਾ ਉਤਸ਼ਾਹ ਹੈ । ਇਸੇ ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵਲੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਸਾਰ ਕਰਮਚਾਰੀਆਂ ਲਈ ਸਾਉਣੀ ਰੁੱਤ ਦੀ ਮੱਕੀ ਦੀਆਂ ਸੁਧਰੀਆਂ ਉਤਪਾਦਨ ਤਕਨੀਕਾਂ ਅਤੇ ਸਾਉਣੀ ਰੁੱਤ ਦੀਆਂ ਫ਼ਸਲਾਂ ਲਈ ਖੇਤੀ ਮਸ਼ੀਨਰੀ ਵਿਸ਼ੇ 'ਤੇ ਕਰਵਾਏ ਇਨ-ਸਰਵਿਸ ਸਿਖਲਾਈ ਪ੍ਰੋਗਰਾਮ ਜਿਸ ਵਿੱਚ 36 ਵਿਸਥਾਰ ਕਾਰਜ-ਕਰਤਾਵਾਂ ਨੇ ਭਾਗ ਲਿਆ । ਇਸ ਮੌਕੇ ਤੇ ਡਾ. ਮਨਦੀਪ ਸਿੰਘ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਦੱਸਿਆ ਕਿ ਇਸ ਸਿਖਲਾਈ ਪ੍ਰੋਗਰਾਮ ਦਾ ਮੁੱਖ ਉਦੇਸ਼ ਪ੍ਰਸਾਰ ਅਧਿਕਾਰੀਆਂ ਦੇ ਤਕਨੀਕੀ ਗਿਆਨ ਨੂੰ ਅਪਡੇਟ ਕਰਨਾ ਅਤੇ ਕਿਸਾਨਾਂ ਤੱਕ ਸੁਧਰੀਆਂ ਖੇਤੀ ਤਕਨੀਕਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਦੀ ਸਮਰੱਥਾ ਨੂੰ ਵਧਾਉਣਾ ਹੈ । ਸਿਖਲਾਈ ਪ੍ਰੋਗਰਾਮ ਵਿੱਚ ਡਾ. ਧਰਮਿੰਦਰਜੀਤ ਸਿੰਘ, ਮੁੱਖ ਖੇਤੀਬਾੜੀ ਅਫਸਰ, ਸੰਗਰੂਰ ਨੇ ਖੇਤੀਬਾੜੀ ਵਿੱਚ ਟਿਕਾਊ ਖੇਤੀ ਅਭਿਆਸਾਂ, ਖਾਸ ਕਰਕੇ ਸਾਉਣੀ ਰੁੱਤ ਦੀ ਮੱਕੀ ਦੀ ਕਾਸ਼ਤ ਅਤੇ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਕੇ.ਵੀ.ਕੇ. ਸੰਗਰੂਰ ਵਿਚਕਾਰ ਮਜ਼ਬੂਤ ਸਹਿਯੋਗ ਨੂੰ ਉਜਾਗਰ ਕੀਤਾ । ਉਨ੍ਹਾਂ ਨੇ ਝੋਨਾ ਕਣਕ ਫ਼ਸਲੀ ਪ੍ਰਣਾਲੀ ਵਿੱਚ ਫ਼ਸਲੀ ਵਿਭਿੰਨਤਾ ਦੇ ਮਹੱਤਵ 'ਤੇ ਜ਼ੋਰ ਦਿੰਦਿਆਂ ਕਿਸਾਨਾਂ ਨੂੰ ਝੋਨੇ ਦੀਆਂ ਬਦਲਵੀਆਂ ਫ਼ਸਲਾਂ ਅਪਨਾਉਣ ਲਈ ਉਤਸ਼ਾਹਿਤ ਕਰਨ ਵਾਲੀਆਂ ਵੱਖ-ਵੱਖ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ । ਉਨ੍ਹਾਂ ਦੱਸਿਆ ਕਿ ਇਥਾਨੋਲ ਉਦਯੋਗ ਵਿੱਚ ਵੱਧ ਰਹੀ ਮੰਗ ਕਾਰਨ ਪੰਜਾਬ ਵਿੱਚ ਮੱਕੀ ਦੀ ਮੰਗ ਵੱਧ ਰਹੀ ਹੈ । ਜਿਸ ਨਾਲ ਕਿਸਾਨਾਂ ਦੀ ਆਮਦਨ ਵਧਣ ਦੇ ਨਵੇਂ ਮੌਕੇ ਪੈਦਾ ਹੋ ਰਹੇ ਹਨ । ਤਕਨੀਕੀ ਸੈਸ਼ਨ ਦੌਰਾਨ ਡਾ. ਰੁਕਿੰਦਰਪ੍ਰੀਤ ਸਿੰਘ ਧਾਲੀਵਾਲ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਸਾਉਣੀ ਰੁੱਤ ਦੀ ਮੱਕੀ ਦੀਆਂ ਉੱਨਤ ਕਿਸਮਾਂ ਅਤੇ ਸੁਧਰੀਆਂ ਉਤਪਾਦਨ ਤਕਨੀਕਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ । ਉਨ੍ਹਾਂ ਨੇ ਮੱਕੀ ਦੀ ਫ਼ਸਲ ਵਿੱਚ ਸੂਖਮ ਪੋਸ਼ਕ ਤੱਤਾਂ ਦੀ ਘਾਟ ਦੀ ਪਛਾਣ ਅਤੇ ਪੂਰਤੀ 'ਤੇ ਵਿਸ਼ੇਸ਼ ਜ਼ੋਰ ਦਿੰਦੇ ਹੋਏ ਏਕੀਕ੍ਰਿਤ ਪੋਸ਼ਕ ਤੱਤ ਪ੍ਰਬੰਧਨ ਦੇ ਮਹੱਤਵ 'ਤੇ ਚਾਨਣਾ ਪਾਇਆ । ਉਨ੍ਹਾਂ ਨੇ ਮੱਕੀ ਵਿੱਚ ਵਧੇਰੇ ਉਤਪਾਦਕਤਾ ਪ੍ਰਾਪਤ ਕਰਨ ਲਈ ਨਦੀਨ ਪ੍ਰਬੰਧਨ ਦੀਆਂ ਪ੍ਰਭਾਵਸ਼ਾਲੀ ਰਣਨੀਤੀਆਂ ਬਾਰੇ ਵੀ ਚਰਚਾ ਕੀਤੀ । ਭਾਗੀਦਾਰਾਂ ਵੱਲੋਂ ਮੱਕੀ ਵਿੱਚ ਜ਼ਿੰਕ ਦੀ ਘਾਟ, ਗੁਲਾਬੀ ਸੁੰਡੀ ਤੇ ਫ਼ਾਲ ਆਰਮੀ ਵਾਰਮ ਦੀ ਰੋਕਥਾਮ ਅਤੇ ਸਿੱਧੀ ਬਿਜਾਈ ਵਾਲੇ ਝੋਨੇ ਵਿੱਚ ਨਦੀਨ ਪ੍ਰਬੰਧਨ ਬਾਰੇ ਪੁੱਛੇ ਗਏ ਸਵਾਲਾਂ ਦੇ ਵਿਗਿਆਨਕ ਢੰਗ ਨਾਲ ਜਵਾਬ ਦਿੱਤੇ ਗਏ । ਡਾ. ਸੁਨੀਲ ਕੁਮਾਰ, ਸਹਾਇਕ ਪ੍ਰੋਫੈਸਰ (ਖੇਤੀ ਮਸ਼ੀਨਰੀ ਤੇ ਪਾਵਰ ਇੰਜੀਨੀਅਰਿੰਗ) ਨੇ ਵੀ ਮਹੱਤਵਪੂਰਨ ਜਾਣਕਾਰੀਆਂ ਦਿੱਤੀਆਂ ।

# ਮੱਕੀ ਦੀ ਸਫ਼ਲ ਕਾਸ਼ਤ

## ਕੰਢੀ ਖੇਤਰ ਲਈ ਸੁਧਰੇ ਹੋਏ ਢੰਗ

ਬਲਵਿੰਦਰ ਸਿੰਘ ਢਿੱਲੋਂ
ਮਨਮੋਹਨਜੀਤ ਸਿੰਘ, ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ
(ਮੋ. 94654-20097)

**ਬਿਜਾਈ ਤੋਂ ਪਹਿਲਾਂ ਨਮੀ ਦੀ ਸੰਭਾਲ ਕਰਨ ਲਈ ਨੁਕਤੇ**

**ਜ਼ਮੀਨ ਪੱਧਰੀ ਕਰਨਾ** : ਕਿਸਾਨ ਵੀਰ ਆਪਣੇ ਖੇਤ ਪੱਧਰੇ ਕਰ ਲੈਣ ਇਸ ਨਾਲ ਭੌਂ-ਖੋਰ ਘੱਟਦਾ ਹੈ ਅਤੇ ਖੇਤ ਦੀ ਪਾਣੀ ਦੇ ਜ਼ੀਰਨ ਦੀ ਮਾਤਰਾ ਵੱਧ ਜਾਂਦੀ ਹੈ । ਅਜਿਹਾ ਕਰਨ ਨਾਲ ਮੱਕੀ ਦੀ ਫ਼ਸਲ ਦਾ ਜੰਮ ਵਧੀਆ ਹੋਵੇਗਾ । ਪੱਧਰੀ ਜ਼ਮੀਨ ਵਿੱਚ ਬੀਜ, ਖਾਦ ਅਤੇ ਪਾਣੀ ਇੱਕਸਾਰ ਰਹੇਗਾ ਅਤੇ ਕਿਸਾਨ ਦਾ ਖਰਚਾ ਵੀ ਘੱਟ ਹੋਵੇਗਾ ।

**ਵੱਟਾਂ ਮਜ਼ਬੂਤ ਕਰਨੀਆਂ** : ਮੌਨਸੂਨ ਵਰਖਾ ਸ਼ੁਰੂ ਹੋਣ ਤੋਂ ਪਹਿਲਾਂ ਕਿਸਾਨ ਵੀਰ ਆਪਣੇ ਖੇਤਾਂ ਦੀਆਂ ਚਾਰ ਚੁਫੇਰੇ ਵਾਲੀਆਂ ਵੱਟਾਂ ਉੱਚੀਆਂ ਕਰ ਲੈਣ । ਅਜਿਹਾ ਕਰਨ



ਨਾਲ ਮਿੱਟੀ ਦੀ ਉੱਪਰਲੀ ਸਤਹ ਤੋਂ ਪਾਣੀ ਦਾ ਵਹਾਅ ਘੱਟ ਜਾਂਦਾ ਹੈ ਅਤੇ ਪਾਣੀ ਨੂੰ ਖੇਤ ਵਿੱਚ ਜੀਰਨ ਲਈ ਵੱਧ ਸਮਾਂ ਮਿਲ ਜਾਂਦਾ ਹੈ ਜਿਸ ਨਾਲ ਖੇਤ ਵਿੱਚੋਂ ਪਾਣੀ ਅਤੇ ਮਿੱਟੀ ਦਾ ਰੋੜ ਘੱਟਦਾ ਹੈ ।

**ਖੇਤ ਦੀ ਵਹਾਈ** : ਬਰਸਾਤ ਦੇ ਆਉਣ ਤੋਂ ਪਹਿਲਾਂ ਘੱਟ ਪਾਣੀ ਵਾਲੇ ਅਤੇ ਬਰਾਨੀ ਖੇਤਰਾਂ ਵਿੱਚ ਖੇਤਾਂ ਦੀ ਵਹਾਈ ਕਰਨਾ ਬਹੁਤ ਮਹੱਤਵਪੂਰਨ ਹੈ । ਇਸ ਨਾਲ ਖੇਤ ਦੀ ਪਰਤ ਖੁਰਦਰੀ ਹੋ ਕੇ ਖੁੱਲ੍ਹ ਜਾਂਦੀ ਹੈ ਅਤੇ ਮਿੱਟੀ ਵਿੱਚ ਵਰਖਾ ਦੇ ਪਾਣੀ ਦਾ ਰਿਸਾਅ ਵਧਦਾ ਹੈ, ਪਾਣੀ ਨੂੰ ਮਿੱਟੀ ਵਿੱਚ ਜੀਰਨ ਲਈ ਵੱਧ ਸਮਾਂ ਮਿਲਦਾ ਹੈ ਅਤੇ ਮਿੱਟੀ ਦਾ ਰੋੜ ਵੀ ਘੱਟਦਾ ਹੈ । ਮੀਂਹ ਦੇ ਪਹਿਲੇ ਛਰਾਟਿਆਂ ਪਿੱਛੋਂ ਖੇਤ ਦੀ ਢਲਾਨ ਦੇ ਉਲਟ ਵਹਾਈ ਕਰਨ ਨਾਲ ਮੀਂਹ ਦਾ ਪਾਣੀ ਖੇਤ ਵਿੱਚ ਵਧੇਰੇ ਅਤੇ ਇੱਕਸਾਰ ਜਜ਼ਬ ਹੋ ਜਾਂਦਾ ਹੈ । ਇਸ ਨਾਲ ਨਦੀਨਾਂ ਦੀ ਰੋਕਥਾਮ ਹੁੰਦੀ ਹੈ ਅਤੇ ਜ਼ਮੀਨ ਵਿੱਚ ਲੰਬੇ ਸਮੇਂ ਤੱਕ ਨਮੀ ਬਰਕਰਾਰ ਰਹਿੰਦੀ ਹੈ । ਸਿੱਟੇ ਵਜੋਂ ਮੱਕੀ ਦੀ ਫ਼ਸਲ ਦੀ ਵਧੀਆ ਪੈਦਾਵਾਰ ਹੁੰਦੀ ਹੈ ।

**ਕਾਸ਼ਤ ਦੇ ਢੰਗ**

**ਕਿਸਮਾਂ ਅਤੇ ਬੀਜ ਦਾ ਮਾਤਰਾ** : ਪੰਜਾਬ ਦੇ ਬਰਾਨੀ ਅਤੇ ਘੱਟ ਪਾਣੀ ਵਾਲੇ ਖੇਤਰਾਂ ਵਿੱਚ ਮੱਕੀ ਦੀਆਂ ਜੇ ਸੀ 12, ਜੇ ਸੀ 4, ਪੀ ਐਮ ਐਚ 2 ਅਤੇ ਪ੍ਰਕਾਸ਼ ਕਿਸਮ ਦੀ 10 ਕਿਲੋ ਬੀਜ ਪ੍ਰਤੀ ਏਕੜ ਨਾਲ ਬਿਜਾਈ ਕੀਤੀ ਜਾਵੇ ।

**ਬਿਜਾਈ ਦਾ ਸਮਾਂ ਅਤੇ ਢੰਗ** : ਮੱਕੀ ਦੀ ਬਿਜਾਈ 20 ਜੂਨ ਤੋਂ 7 ਜੁਲਾਈ ਤੱਕ ਕਰ ਦੇਣੀ ਚਾਹੀਦੀ ਹੈ । ਮੀਂਹ ਮੁਤਾਬਕ ਬਿਜਾਈ ਅਗੇਤੀ ਵੀ ਕੀਤੀ ਜਾ ਸਕਦੀ ਹੈ । ਜੇਕਰ ਮੌਨਸੂਨ ਦੇ ਆਉਣ ਵਿੱਚ ਤਕਰੀਬਨ 15 ਦਿਨ ਦੀ ਦੇਰੀ ਹੋ ਜਾਵੇ ਤਾਂ ਮੱਕੀ ਦੀ ਥਾਂ ਬਦਲਵੀਆਂ ਫ਼ਸਲਾਂ ਜਿਵੇਂ ਕਿ ਮੂੰਗੀ, ਮਾਂਹ ਅਤੇ ਤਿਲ ਦੀ ਬਿਜਾਈ ਕੀਤੀ ਜਾ ਸਕਦੀ ਹੈ । ਜੇਕਰ ਮੌਨਸੂਨ ਦੇ ਆਉਣ ਵਿੱਚ ਤਕਰੀਬਨ 30 ਦਿਨ ਦੀ ਦੇਰੀ ਹੋ ਜਾਵੇ ਤਾਂ ਮੱਕੀ ਦੀ ਥਾਂ ਤੇ ਚਾਰੇ ਵਜੋਂ ਬਾਜਰੇ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਬਿਜਾਈ ਕਤਾਰਾਂ ਦਾ ਫ਼ਾਸਲਾ 60 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫ਼ਾਸਲਾ 20 ਸੈਂਟੀਮੀਟਰ ਰੱਖ ਕੇ 3-5 ਸੈਂਟੀਮੀਟਰ ਡੂੰਘੀ ਕਰੋ ।

ਸੋਕੇ ਦੀ ਹਾਲਤ ਵਿੱਚ ਜਾਂ ਜ਼ਿਆਦਾ ਵਰਖਾ ਦੀ ਹਾਲਤ ਵਿੱਚ ਮੱਕੀ ਦੀ ਫ਼ਸਲ ਨੂੰ ਭਾਰੀ ਨੁਕਸਾਨ ਹੁੰਦਾ ਹੈ । ਇਸ ਲਈ ਮੱਕੀ ਦੀ ਵੱਟਾਂ ਉੱਤੇ ਬਿਜਾਈ ਕਰਨੀ ਚਾਹੀਦੀ ਹੈ । ਜ਼ਿਆਦਾ ਮੀਂਹ ਦੌਰਾਨ ਵੱਟਾਂ ਵਿਚਲੀਆਂ ਖਾਲੀਆਂ ਪਾਣੀ ਨੂੰ ਜ਼ੀਰਨ ਵਿੱਚ ਮੱਦਦ ਕਰਦੀਆਂ ਹਨ ਅਤੇ ਘੱਟ ਮੀਂਹ ਦੀ ਸੂਰਤ ਵਿੱਚ ਨਮੀ ਨੂੰ ਬਰਕਰਾਰ ਰੱਖਣ ਵਿੱਚ ਮੱਦਦਗਾਰ ਸਾਬਤ ਹੁੰਦੀਆਂ ਹਨ । ਮੱਕੀ ਦੀ ਫ਼ਸਲ ਨੂੰ ਸੋਕੇ ਅਤੇ ਜ਼ਿਆਦਾ ਪਾਣੀ ਦੀ ਮਾਰ ਤੋਂ ਬਚਾਉਣ ਲਈ ਵੱਟਾਂ ਉੱਤੇ ਮਿੱਟੀ ਚੜ੍ਹਾਉਣੀ ਬਹੁਤ ਜ਼ਰੂਰੀ ਹੈ ।

**ਖਾਦਾਂ ਪਾਉਣ ਦਾ ਸਮਾਂ ਅਤੇ ਢੰਗ** : ਬਰਾਨੀ ਇਲਾਕੇ ਵਿੱਚ ਖਾਦਾਂ ਦੀ ਵਰਤੋਂ ਬਹੁਤ ਲਾਹੇਵੰਦ ਰਹਿੰਦੀ ਹੈ । ਖਾਦਾਂ ਦਾ ਅਸਰ, ਜ਼ਮੀਨਾਂ ਦੀ ਪਾਣੀ ਸੰਭਾਲਣ ਦੀ ਸ਼ਕਤੀ ਤੇ ਨਿਰਭਰ ਕਰਦਾ ਹੈ । ਮੱਕੀ ਤੋਂ ਚੰਗਾ ਝਾੜ ਪ੍ਰਾਪਤ ਕਰਨ ਲਈ ਰੇਤਲੀਆਂ ਅਤੇ ਚੀਕਣੀਆਂ ਭਲ ਵਾਲੀਆਂ ਜ਼ਮੀਨਾਂ (ਕਾਫ਼ੀ ਨਮੀ ਸੰਭਾਲ ਸਕਣ ਵਾਲੀਆਂ) ਵਿੱਚ 32 ਕਿਲੋ ਨਾਈਟ੍ਰੋਜਨ (70 ਕਿਲੋ ਯੂਰੀਆ), 16 ਕਿਲੋ ਫ਼ਾਸਫੋਰਸ (100 ਕਿਲੋ ਸਿੰਗਲ ਸੁਪਰਫ਼ਾਸਫੇਟ) ਅਤੇ 8 ਕਿਲੋ ਪੋਟਾਸ਼ (15 ਕਿਲੋ ਮਿਊਰੇਟ ਆਫ ਪੋਟਾਸ਼) ਅਤੇ ਭਲ ਵਾਲੀ ਰੇਤਲੀ ਤੋਂ ਰੇਤਲੀਆਂ ਜ਼ਮੀਨਾਂ (ਘੱਟ ਨਮੀ ਸੰਭਾਲ ਸਕਣ ਵਾਲੀਆਂ) ਵਿੱਚ 16 ਕਿਲੋ ਨਾਈਟ੍ਰੋਜਨ (35 ਕਿਲੋ ਯੂਰੀਆ), 8 ਕਿਲੋ ਫ਼ਾਸਫ਼ੋਰਸ (50 ਕਿਲੋ ਸਿੰਗਲ ਸੁਪਰਫਾਸਫੇਟ) ਅਤੇ 4 ਕਿਲੋ ਪੋਟਾਸ਼ (8 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਪਾਉ । ਅੱਧੀ ਨਾਈਟ੍ਰੋਜਨ, ਸਾਰੀ ਫ਼ਾਸਫ਼ੋਰਸ ਅਤੇ ਸਾਰੀ ਪੋਟਾਸ਼ ਬਿਜਾਈ ਸਮੇਂ ਅਤੇ ਬਾਕੀ ਅੱਧੀ ਨਾਈਟ੍ਰੋਜਨ ਬਿਜਾਈ ਤੋਂ ਇੱਕ ਮਹੀਨਾ ਪਿੱਛੋਂ ਪਾਉ ।

ਛੋਟੀ ਉਮਰ ਦੀ ਮੱਕੀ ਵਿੱਚ ਪਾਣੀ ਖੜ੍ਹਾ ਹੋਣ ਨਾਲ ਫ਼ਸਲ ਨੂੰ ਬਹੁਤ ਨੁਕਸਾਨ ਹੁੰਦਾ ਹੈ । ਇਸ ਲਈ ਫ਼ਸਲ ਨੂੰ ਖੜ੍ਹੇ ਪਾਣੀ ਤੋਂ ਬਚਾਉਣ ਲਈ ਖੇਤ ਦੇ ਨੀਵੇਂ ਪਾਸੇ ਵੱਲ ਇੱਕ ਲੋੜੀਂਦੀ ਨਿਕਾਸ ਨਾਲ ਬਣਾਉਣੀ ਚਾਹੀਦੀ ਹੈ, ਜਿਸ ਰਾਹੀਂ ਵਾਧੂ ਪਾਣੀ ਬਾਹਰ ਕੱਢਿਆ ਜਾ ਸਕੇ । ਜੇ ਵੱਧ ਪਾਣੀ ਕਾਰਨ ਨੁਕਸਾਨ ਹੋ ਜਾਵੇ ਤਾਂ 6 ਕਿਲੋ ਯੂਰੀਆ ਨੂੰ 200 ਲੀਟਰ ਪਾਣੀ ਵਿੱਚ (3 ਪ੍ਰਤੀਸ਼ਤ ਘੋਲ) ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਹਫ਼ਤੇ ਦੇ ਅੰਤਰ ਤੇ ਦੋ ਵਾਰ ਛਿੜਕਾਅ ਕਰੋ । ਜੇ ਨੁਕਸਾਨ ਦਰਮਿਆਨੇ ਤੋਂ ਭਾਰੀ ਪੱਧਰ ਦਾ ਹੋਵੇ ਤਾਂ ਫ਼ਸਲ ਵਿੱਚੋਂ ਪਾਣੀ ਕੱਢਣ ਤੋਂ ਬਾਅਦ 12-24 ਕਿਲੋ ਨਾਈਟ੍ਰੋਜਨ (25-50 ਕਿਲੋ ਯੂਰੀਆ) ਪ੍ਰਤੀ ਏਕੜ ਵਾਧੂ ਪਾਓ ।

**ਮਲਚਿੰਗ** : ਅਗਸਤ ਦੇ ਆਖ਼ਰੀ ਹਫ਼ਤੇ ਮੱਕੀ ਦੀ ਖੜ੍ਹੀ ਫ਼ਸਲ ਵਿੱਚ ਘਾਹ-ਫੂਸ ਜਾਂ ਪਰਾਲੀ ਆਦਿ ਖਿਲਾਰ ਕੇ ਜ਼ਮੀਨ ਢੱਕ ਦਿਉ । ਇਸ ਨਾਲ ਪਾਣੀ ਦੀ ਰਫ਼ਤਾਰ ਘੱਟਣ ਕਰਕੇ ਭੌਂ-ਖੋਰ ਨਹੀਂ ਹੁੰਦਾ ਅਤੇ ਜ਼ਮੀਨ ਵਿੱਚ ਨਮੀ ਦੀ ਮਾਤਰਾ ਵੱਧ ਜਾਂਦੀ ਹੈ । ਇਸ ਨਾਲ ਜ਼ਮੀਨ ਦਾ ਤਾਪਮਾਨ ਵੀ ਘੱਟਦਾ ਹੈ ਅਤੇ ਫ਼ਸਲ ਦਾ ਝਾੜ ਵੱਧ ਜਾਂਦਾ ਹੈ ਅਤੇ ਅਗਲੀ ਫ਼ਸਲ ਦੀ ਬਿਜਾਈ ਲਈ ਜ਼ਮੀਨ ਵਿੱਚ ਨਮੀ ਸੁਰੱਖਿਅਤ ਰਹਿੰਦੀ ਹੈ ।

**ਬਿਜਾਈ ਤੋਂ ਬਾਅਦ ਫ਼ਸਲ ਨੂੰ ਸੋਕੇ ਦੀ ਮਾਰ ਤੋਂ ਬਚਾਉਣ ਲਈ ਢੰਗ**

ਸਾਉਣੀ ਦੇ ਅੱਧ ਵਿੱਚ ਸੋਕਾ ਪੈਣ ਦੀ ਸੂਰਤ ਵਿੱਚ ਫ਼ਸਲ ਨੂੰ ਪਾਣੀ ਦੇਣ ਦਾ ਪ੍ਰਬੰਧ ਹੋ ਸਕੇ ਤਾਂ ਪਾਣੀ ਲਗਾਓ ਅਤੇ ਨਦੀਨਾਂ ਦੀ ਰੋਕਥਾਮ ਵੀ ਕਰੋ । ਸਾਉਣੀ ਦੇ ਅਖ਼ੀਰ ਵਿੱਚ ਸੋਕਾ ਪੈਣ ਦੀ ਸੂਰਤ ਵਿੱਚ ਬਿਨਾਂ ਛੱਲੀ ਵਾਲੇ ਬੂਟਿਆਂ ਨੂੰ ਚਾਰੇ ਵਜੋਂ ਵਰਤੋਂ । ਜੇਕਰ ਮੱਕੀ ਦੀ ਫ਼ਸਲ ਦਾਣੇ ਬਣਨ ਵਾਲੀ ਸਟੇਜ ਤੇ ਹੈ ਤਾਂ ਹਰੀਆਂ ਛੱਲੀਆਂ ਨੂੰ ਬਜ਼ਾਰ ਵਿੱਚ ਵੇਚ ਦਿਓ । ਜੇਕਰ ਮੱਕੀ ਦੀ ਫ਼ਸਲ ਦਾਣੇ ਪੱਕਣ ਵਾਲੇ ਪੜਾਅ ਤੇ ਹੈ ਤਾਂ ਫ਼ਸਲ ਨੂੰ ਕੱਟ ਕੇ ਖੇਤ ਵਿੱਚ ਹੀ ਖੜ੍ਹੀਆਂ ਢੇਰੀਆਂ ਲਗਾ ਦਿਓ । ਜੇਕਰ ਫ਼ਸਲ ਛੇਤੀ ਪੱਕ ਜਾਵੇ ਤਾਂ ਫ਼ਸਲ ਨੂੰ ਕੱਟ ਕੇ ਖੇਤ ਖਾਲੀ ਕਰ ਦਿਓ ਅਤੇ ਹਾੜ੍ਹੀ ਦੀ ਬਿਜਾਈ ਲਈ ਗਿੱਲ ਦੱਬ ਦਿਓ ।

# ਸਰਹੱਦ ਦੇ ਸਿਪਾਹੀ ਬਣੇ ਕਿਸਾਨਾਂ ਦੇ ਸਾਥੀ

## ਅੱਤ ਦੀ ਗਰਮੀ ਦੌਰਾਨ ਕਿਸਾਨਾਂ ਨਾਲ ਕਰਵਾ ਰਹੇ ਹਨ ਝੋਨੇ ਦੀ ਲਵਾਈ

ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਝੋਨੇ ਦੀ ਲਵਾਈ ਦਾ ਕੰਮ ਜ਼ੋਰਾਂ ’ਤੇ ਹੈ । ਕੰਡਿਆਲੀ ਤਾਰ ਤੋਂ ਪਾਰ ਪੈਂਦੀਆਂ ਜ਼ਮੀਨਾਂ ਵਿੱਚ ਖੇਤੀ ਕਰ ਰਹੇ ਕਿਸਾਨਾਂ ਨੂੰ ਇਸ ਵਾਰ ਵੀ ਬੀ. ਐਸ. ਐਫ. ਦੇ ਜਵਾਨਾਂ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ । ਅੱਤ ਦੀ ਗਰਮੀ ਦੇ ਬਾਵਜੂਦ ਬੀ. ਐਸ. ਐਫ. ਦੇ ਜਵਾਨ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਝੋਨੇ ਦੀ ਬਿਜਾਈ ਕਰਵਾ ਰਹੇ ਹਨ ਅਤੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾ ਰਹੇ ਹਨ ।

ਪੰਜਾਬ ਸਰਕਾਰ ਵੱਲੋਂ ਪਹਿਲੀ ਜੂਨ ਤੋਂ ਕੰਡਿਆਲੀ ਤਾਰ ਤੋਂ ਪਾਰ ਪੈਂਦੀਆਂ ਜ਼ਮੀਨਾਂ ਵਿੱਚ ਝੋਨੇ ਦੀ ਲਵਾਈ ਦੀ ਮਨਜ਼ੂਰੀ ਦਿੱਤੀ ਗਈ ਸੀ । ਇਸ ਤੋਂ ਬਾਅਦ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ ਅਤੇ ਪਠਾਨਕੋਟ ਦੇ ਸਰਹੱਦੀ ਇਲਾਕਿਆਂ ਵਿੱਚ ਕਿਸਾਨ ਝੋਨੇ ਦੀ ਲਵਾਈ ਵਿੱਚ ਰੁੱਝੇ ਹੋਏ ਹਨ । ਬੀ. ਐਸ. ਐਫ. ਦੇ ਸੈਕਟਰ ਗੁਰਦਾਸਪੁਰ ਅਧੀਨ 136 ਕਿਲੋਮੀਟਰ ਲੰਬੀ ਸਰਹੱਦ ’ਤੇ ਜਵਾਨ ਕਿਸਾਨਾਂ ਨੂੰ ਲਗਾਤਾਰ ਸੁਰੱਖਿਆ ਕਵਚ ਮੁਹੱਈਆ ਕਰਵਾ ਰਹੇ ਹਨ । ਕਿਸਾਨਾਂ ਨੇ ਦੱਸਿਆ ਕਿ ਪਿਛਲੇ ਸਾਲ ਰਾਵੀ ਦਰਿਆ ਵਿੱਚ ਆਏ ਹੜ੍ਹਾਂ ਕਾਰਨ ਕੰਡਿਆਲੀ ਤਾਰ ਤੋਂ ਪਾਰ ਬੀਜੀਆਂ ਝੋਨੇ ਅਤੇ ਬਾਸਮਤੀ ਦੀਆਂ ਫ਼ਸਲਾਂ ਤਬਾਹ ਹੋ ਗਈਆਂ ਸਨ, ਜਿਸ ਕਾਰਨ ਕਿਸਾਨਾਂ ਅਤੇ ਬੀ. ਐਸ. ਐਫ. ਦੋਵਾਂ ਨੂੰ ਮਾਯੂਸੀ ਦਾ ਸਾਹਮਣਾ ਕਰਨਾ ਪਿਆ ਸੀ । ਇਸ ਵਾਰ ਚੰਗੀ ਫ਼ਸਲ ਦੀ ਉਮੀਦ ਨਾਲ ਕਿਸਾਨ ਮੁੜ ਖੇਤਾਂ ਵਿੱਚ ਉਤਰੇ ਹਨ ।

ਚੰਦੂ ਵਡਾਲਾ, ਕਮਾਲਪੁਰ ਜੱਟਾਂ, ਚੌੜਾ, ਰੋਸਾ, ਪਕੀਵਾਂ, ਪੀਰੋ ਪਿੰਡੀ, ਮੇਤਲਾ, ਮੇਮਣਪੁਰ, ਸਾਧਾਂਵਾਲੀ, ਘਣੀਆਂ ਬੇਟ ਅਤੇ ਨੰਗਲੀ ਸਮੇਤ ਕਈ ਪਿੰਡਾਂ ਦੇ ਕਿਸਾਨਾਂ ਨੇ ਦੱਸਿਆ ਕਿ ਕੰਡਿਆਲੀ ਤਾਰ ਤੋਂ ਪਾਰ ਖੇਤਾਂ ਵਿੱਚ ਪਨੀਰੀ ਵਿਧੀ ਰਾਹੀਂ ਝੋਨੇ ਦੀ ਲਵਾਈ ਕੀਤੀ ਜਾ ਰਹੀ ਹੈ ।

### ਕਿਸਾਨਾਂ ਤੇ ਮਜ਼ਦੂਰਾਂ ਦੀ ਜਾਂਚ ਮਗਰੋਂ ਮਿਲਦੀ ਹੈ ਐਂਟਰੀ

ਕਿਸਾਨਾਂ ਨੇ ਦੱਸਿਆ ਕਿ ਕੰਡਿਆਲੀ ਤਾਰ ਤੋਂ ਪਾਰ ਜਾਣ ਵਾਲੇ ਮਜ਼ਦੂਰਾਂ ਲਈ ਆਧਾਰ ਕਾਰਡ ਅਤੇ ਹੋਰ ਦਸਤਾਵੇਜ਼ ਪਹਿਲਾਂ ਹੀ ਸਬੰਧਤ ਬੀ. ਪੀ. ਓ. ਵਿੱਚ ਜਮ੍ਹਾਂ ਕਰਵਾਉਣੇ ਪੈਂਦੇ ਹਨ । ਕਈ ਗੇਟਾਂ ’ਤੇ ਬਾਇਓਮੈਟ੍ਰਿਕ ਪ੍ਰਣਾਲੀ ਰਾਹੀਂ ਹਾਜ਼ਰੀ ਲਗਾ ਕੇ ਹੀ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਅੰਦਰ ਜਾਣ ਦੀ ਇਜਾਜ਼ਤ ਮਿਲਦੀ ਹੈ ।

### ਸਰਹੱਦੀ ਲੋਕਾਂ ਲਈ ਵੀ ਚਲਾਏ ਜਾਂਦੇ ਹਨ ਭਲਾਈ ਪ੍ਰੋਗਰਾਮ

ਕਿਸਾਨਾਂ ਨੇ ਕਿਹਾ ਕਿ ਬੀ. ਐਸ. ਐਫ. ਨਾ ਸਿਰਫ ਸੁਰੱਖਿਆ ਮੁਹੱਈਆ ਕਰਵਾਉਂਦੀ ਹੈ, ਸਗੋਂ ਸਰਹੱਦੀ ਪਿੰਡਾਂ ਵਿੱਚ ਸਿਵਿਕ ਐਕਸ਼ਨ ਪ੍ਰੋਗਰਾਮ ਤਹਿਤ ਮੈਡੀਕਲ ਕੈਂਪ, ਸਕੂਲਾਂ ਵਿੱਚ ਸਹੂਲਤਾਂ ਅਤੇ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਲਈ ਸਿਖਲਾਈ ਵੀ ਪ੍ਰਦਾਨ ਕਰਦੀ ਹੈ । ਇਸ ਕਾਰਨ ਸਰਹੱਦੀ ਖੇਤਰ ਦੇ ਲੋਕਾਂ ਅਤੇ ਬੀ. ਐਸ. ਐਫ. ਵਿਚਕਾਰ ਚੰਗਾ ਤਾਲਮੇਲ ਬਣਿਆ ਹੋਇਆ ਹੈ ।

### ਪਿਛਲੇ ਸਾਲ ਹੜ੍ਹਾਂ ਨੇ ਤੋੜੀ ਸੀ ਉਮੀਦ

ਰਾਵੀ ਦਰਿਆ ਵਿੱਚ ਆਏ ਹੜ੍ਹਾਂ ਕਾਰਨ ਪਿਛਲੇ ਸਾਲ ਕੰਡਿਆਲੀ ਤਾਰ ਤੋਂ ਪਾਰ ਪੈਂਦੀਆਂ ਜ਼ਮੀਨਾਂ ਵਿੱਚ ਬੀਜੀਆਂ ਝੋਨੇ ਅਤੇ ਬਾਸਮਤੀ ਦੀਆਂ ਫ਼ਸਲਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਸਨ ।

# ਕੀਟਨਾਸ਼ਕ ਲੱਗੇ ਬੀਜ ਕਿਸਾਨ ਅਤੇ ਵਾਤਾਵਰਣ ਲਈ ਖਤਰਾ

## ਡਾ. ਨਰਸਿਮਹਾ ਰੈਡੀ ਨੇ ਖੇਤੀਬਾੜੀ ਮੰਤਰਾਲੇ ਅਤੇ ਬੋਰਡ ਨੂੰ ਲਿਖੀ ਚਿੱਠੀ

ਦੇਸ਼ ਵਿੱਚ ਉਪਲੱਬਧ ਕੀਟਨਾਸ਼ਕਾਂ ਦੇ ਲੇਪ ਵਾਲੇ ਬੀਜ ਅਤੇ ਬੀਜ ਪ੍ਰੋਸੈਸਿੰਗ ਯੂਨਿਟਾਂ ਵਿੱਚ ਵਰਤੇ ਜਾਣ ਵਾਲੇ ਖਤਰਨਾਕ ਰਸਾਇਣਾਂ ਦੀ ਵਿਆਪਕ ਵਰਤੋਂ ਬਾਰੇ ਗੰਭੀਰ ਸਵਾਲ ਉਠਾਏ ਗਏਹਨ । ਭਾਰਤੀ ਵਾਤਾਵਰਣ ਨਿਆਂ ਕਾਰਕੁੰਨ ਅਤੇ ਟਿਕਾਊ ਖੇਤੀ ਪ੍ਰਚਾਰਕ ਡਾ. ਨਰਸਿਮਹਾ ਰੈਡੀ ਡੋਂਥੀ ਵੱਲੋਂ ਕੇਂਦਰੀ ਸਰਕਾਰ ਦੇ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਭੇਜੇ ਗਏ ਇੱਕ ਪੱਤਰ ਵਿੱਚ ਬੀਜਾਂ ਦੇ ਮੁੱਦਿਆਂ ਨੂੰ ਉਜਾਗਰ ਕੀਤਾ ਗਿਆ । ਪੱਤਰ ਵਿੱਚ ਲਿਖਿਆ ਗਿਆ ਹੈ ਕਿ ਭਾਰਤ ਵਿੱਚ ਅਜਿਹੇ ਬੀਜਾਂ ਦੀ ਪਛਾਣ, ਲੇਬਲਿੰਗ ਅਤੇ ਸੁਰੱਖਿਆ ਜਾਂਚ ਲਈ ਕੋਈ ਸਪੱਸ਼ਟ ਨਿਯਮ ਨਹੀਂ ਹਨ । ਪੱਤਰ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ ਇਹ ਨਿਯਮਾਂ ਦੀ ਘਾਟ ਕਿਸਾਨਾਂ, ਖੇਤੀਬਾੜੀ ਮਜ਼ਦੂਰਾਂ, ਖਪਤਕਾਰਾਂ ਅਤੇ ਵਾਤਾਵਰਣ ਲਈ ਜੋਖਮ ਪੈਦਾ ਕਰਦੀ ਹੈ । ਡਾ. ਰੈਡੀ ਵੱਲੋਂ ਇਹ ਪੱਤਰ ਕੇਂਦਰੀ ਕੀਟਨਾਸ਼ਕ ਬੋਰਡ ਅਤੇ ਰਜਿਸਟਰੇਸ਼ਨ ਕਮੇਟੀ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਵਾਤਾਵਰਣ ਜੰਗਲਾਤ ਅਤੇ ਜਲਵਾਯੂ ਪ੍ਰੀਵਰਤਨ ਮੰਤਰਾਲਾ ਅਤੇ ਹੋਰ ਸੰਬੰਧਿਤ ਸਰਕਾਰੀ ਸੰਸਥਾਵਾਂ ਨੂੰ ਭੇਜਿਆ ਗਿਆ ਸੀ । ਪੱਤਰ ਵਿੱਚ ਕੀਟਨਾਸ਼ਕਾਂ ਨਾਲ ਸੋਧੇ ਹੋਏ ਬੀਜਾਂ ਬਾਰੇ ਕਿਸਾਨਾਂ, ਖੇਤੀਬਾੜੀ ਮਜ਼ਦੂਰਾਂ ਅਤੇ ਖਪਤਕਾਰਾਂ ਨੂੰ ਘੱਟ ਗਿਆਨ ਹੋਣ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ । ਪੱਤਰ ਵਿੱਚ ਦਾਅਵਾ ਕੀਤਾ ਗਿਆ ਕਿ ਖੇਤੀਬਾੜੀ ਨਾਲ ਸਿੱਧੇ ਅਤੇ ਅਸਿੱਧੇ ਤੌਰ ’ਤੇ ਜੁੜੇ ਲੋਕ ਇਨ੍ਹਾਂ ਸੋਧੇ ਹੋਏ ਬੀਜਾਂ ਵਿੱਚ ਵਰਤੇ ਗਏ ਕੀਟਨਾਸ਼ਕਾਂ ਦੀ ਕਿਸਮ ਅਤੇ ਮਾਤਰਾ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਹਨ । ਇਸ ਪੱਤਰ ਰਾਹੀਂ ਸੰਸਥਾਵਾਂ ਦਾ ਕੁੱਝ ਘਟਨਾਵਾਂ ਵੱਲ ਧਿਆਨ ਦਿਵਾਇਆ ਗਿਆ ਕਿ ਪੂਰੀ ਜਾਣਕਾਰੀ ਨਾ ਹੋਣ ਕਰਕੇ ਦੇਸ਼ ਭਰ ਵਿੱਚ ਅਜਿਹੇ ਕਈ ਮਾਮਲੇ ਸਾਹਮਣੇ ਆਏ ਸਨ, ਜਿਨ੍ਹਾਂ ਵਿੱਚ ਲੋਕਾਂ ਨੇ ਗਲਤੀ ਨਾਲ ਅਨਾਜ ਦੇ ਭੁਲੇਖੇ ਕੀਟਨਾਸ਼ਕ ਵਾਲੇ ਬੀਜ ਖਾ ਲਏ ਸਨ ਤੇ ਉਨ੍ਹਾਂ ਦੀ ਮੌਤ ਹੋ ਗਈ ਸੀ । ਇਸ ਦੇ ਬਾਵਜੂਦ ਵੀ ਇਨ੍ਹਾਂ ਬੀਜਾਂ ਲਈ ਅਜੇ ਵੀ ਕੋਈ ਲਾਜ਼ਮੀ ਲੇਬਲਿੰਗ ਪ੍ਰਣਾਲੀ ਨਹੀਂ ਹੈ । ਆਪਣੇ ਪੱਤਰ ਵਿੱਚ ਡਾ. ਡੋਂਥੀ ਕਹਿੰਦੇ ਹਨ ਕਿ ਭਾਰਤ ਵਿੱਚ ਇਹ ਨਿਰਧਾਰਿਤ ਕਰਨ ਲਈ ਕੋਈ ਸੁਤੰਤਰ ਅਧਿਐਨ ਨਹੀਂ ਕੀਤਾ ਗਿਆ ਹੈ ਕਿ ਬੀਜਾਂ ’ਤੇ ਲਗਾਏ ਗਏ ਕੀਟਨਾਸ਼ਕਾਂ ਦੇ ਰਹਿੰਦ-ਖੂੰਹਦ ਫ਼ਸਲਾਂ ਦੇ ਖਾਣ ਵਾਲੇ ਹਿੱਸਿਆਂ ਤੱਕ ਕਿਸ ਕਿਸਮ ਦਾ ਪ੍ਰਭਾਵ ਪਾਉਂਦੇ ਹਨ । ਇਸੇ ਤਰ੍ਹਾਂ ਮਿੱਟੀ, ਕੀੜੇ-ਮਕੌੜਿਆਂ ਅਤੇ ਵਾਤਾਵਰਣ ’ਤੇ ਇਨ੍ਹਾਂ ਰਸਾਇਣਾਂ ਦੇ ਪ੍ਰਭਾਵ ਬਾਰੇ ਵੀ ਵਧੇਰੇ ਜਾਣਕਾਰੀ ਉਪਲੱਬਧ ਨਹੀਂ ਹੈ । ਉਹ ਬੀਜ ਪ੍ਰੋਸੈਸਿੰਗ ਯੂਨਿਟਾਂ ਨੂੰ ਵੀ ਚਿੰਤਾ ਦਾ ਕਾਰਨ ਦੱਸਦੇ ਹਨ । ਉਹ ਕਹਿੰਦੇ ਹਨ ਕਿ ਇਹ ਯੂਨਿਟ ਸਲਫਿਊਰਿਕ ਐਸਿਡ ਸਮੇਤ ਬਹੁਤ ਸਾਰੇ ਖਤਰਨਾਕ ਰਸਾਇਣਾਂ ਦੀ ਵਰਤੋਂ ਕਰਦੇ ਹਨ, ਪਰ ਉਨ੍ਹਾਂ ਦੀ ਵਰਤੋਂ, ਸੁਰੱਖਿਆ ਅਤੇ ਰਹਿੰਦ-ਖੂੰਹਦ ਦੇ ਨਿਪਟਾਰੇ ਬਾਰੇ ਕੋਈ ਸਪੱਸ਼ਟ ਦਿਸ਼ਾ-ਨਿਰਦੇਸ਼ ਨਹੀਂ ਦਿੱਤੇ ਜਾਂਦੇ । ਬਹੁਤ ਸਾਰੇ ਮਾਮਲਿਆਂ ਵਿੱਚ ਇਹ ਵੀ ਦਰਜ ਨਹੀਂ ਕੀਤਾ ਜਾਂਦਾ ਹੈ ਕਿ ਕਿਹੜੇ ਰਸਾਇਣ ਕਿਸ ਯੂਨਿਟ ਵਿੱਚ ਵਰਤੇ ਗਏ ਸਨ । ਡਾ. ਨਰਸਿਮਹਾ ਰੈਡੀ ਨੇ ਮੰਗ ਕੀਤੀ ਹੈ ਕਿ ਕੇਂਦਰੀ ਕੀਟਨਾਸ਼ਕ ਬੋਰਡ ਸਾਰੇ ਕੀਟਨਾਸ਼ਕ ਨਾਲੇ ਸੋਧੇ ਹੋਏ ਬੀਜਾਂ ਨੂੰ ਲੇਬਲ ਕਰਨਾ ਲਾਜ਼ਮੀ ਬਣਾਏ । ਬੀਜ ’ਤੇ ਲੇਪ ਕਰਨ ਲਈ ਵਰਤੇ ਜਾਣ ਵਾਲੇ ਰਸਾਇਣਾਂ ’ਤੇ ਸੁਰੱਖਿਆ ਟੈਸਟ ਲਾਗੂ ਕੀਤੇ ਜਾਣ, ਬੀਜ ਪ੍ਰੋਸੈਸਿੰਗ ਯੂਨਿਟਾਂ ਲਈ ਸਪੱਸ਼ਟ ਨਿਯਮ ਸਥਾਪਤ ਕੀਤੇ ਜਾਣ ਅਤੇ ਇਨ੍ਹਾਂ ਯੂਨਿਟਾਂ ਤੋਂ ਰਹਿੰਦ-ਖੂੰਹਦ ਦੀ ਨਿਯਮਿਤ ਜਾਂਚ ਵੀ ਕੀਤੀ ਜਾਵੇ ।



# ਝੋਨੇ ਵਿੱਚ ਬੂਟਿਆਂ ਦੇ ਮਧਰੇਪਣ ਦੀ ਸਮੱਸਿਆ ਨੂੰ ਘਟਾਉਣ ਲਈ ਕੁਝ ਸੁਝਾਅ

ਮਨਮੋਹਨ ਢਕਾਲ ਅਤੇ ਰੂਬਲਜੋਤ ਕੂੰਨਰ,
ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 79868-60330)

ਝੋਨੇ ਦੇ ਬੂਟਿਆਂ ਦਾ ਮਧਰਾ ਰਹਿ ਜਾਣਾ ਇੱਕ ਵਿਸ਼ਾਣੂੰ ਰੋਗ ਹੈ ਜਿਸ ਦੇ ਕਾਰਕ ਦੀ ਪਹਿਚਾਣ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਦਰਨ ਰਾਈਸ ਬਲੈਕ ਸਟਰੀਕਡ ਡਵਾਰਫ ਵਜੋਂ ਕੀਤੀ ਗਈ ਸੀ। ਸਾਲ 2025 ਵਿੱਚ ਇਸ ਰੋਗ ਨਾਲ ਪ੍ਰਭਾਵਿਤ ਖੇਤਾਂ ਵਿੱਚ ਝੋਨੇ ਦੇ ਝਾੜ ਉੱਪਰ ਕਾਫੀ ਮਾੜਾ ਅਸਰ ਵੇਖਿਆ ਗਿਆ। ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮਧਰੇ, ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ। ਪ੍ਰਭਾਵਿਤ ਬੂਟਿਆਂ ਦੀ ਉਚਾਈ ਆਮ ਬੂਟਿਆਂ ਨਾਲੋਂ ਦੋ-ਤਿਹਾਈ, ਅੱਧੀ ਜਾਂ ਇੱਕ-ਤਿਹਾਈ ਹੀ ਰਹਿ ਜਾਂਦੀ ਹੈ। ਰੋਗ ਦੇ ਜ਼ਿਆਦਾ ਹਮਲੇ ਕਾਰਨ ਕਈ ਵਾਰ ਮੁੰਜਰਾਂ ਵਿੱਚ ਦਾਣੇ ਨਹੀਂ ਬਣਦੇ ਤੇ ਬੂਟੇ ਮੁਰਝਾ ਕੇ ਸੁੱਕ ਵੀ ਜਾਂਦੇ ਹਨ ਜਿਸ ਨਾਲ ਝਾੜ ਵਿੱਚ ਕਾਫੀ ਨੁਕਸਾਨ ਹੋ ਸਕਦਾ ਹੈ। ਇਹ ਵਿਸ਼ਾਣੂੰ ਰੋਕ ਝੋਨੇ ਦੀਆਂ ਮੌਜੂਦਾ ਸਾਰੀਆਂ ਕਿਸਮਾਂ ਉੱਤੇ ਹਮਲਾ ਕਰ ਸਕਦਾ ਹੈ। ਝੋਨੇ ਉੱਪਰ ਇਸ ਵਿਸ਼ਾਣੂੰ ਰੋਗ ਨੂੰ ਚਿੱਟੀ ਪਿੱਠ ਵਾਲਾ ਟਿੱਡਾ ਫੈਲਾਉਂਦਾ ਹੈ। ਇਸ ਲਈ ਰੋਗ ਦੀ ਸ਼ੁਰੂਆਤੀ ਲਾਗ ਨੂੰ ਤੇ ਬਾਅਦ ਵਿੱਚ ਫੈਲਾਅ ਨੂੰ ਰੋਕਣ ਲਈ ਚਿੱਟੀ ਪਿੱਠ ਵਾਲੇ ਟਿੱਡੇ ਦੀ ਪਹਿਚਾਣ ਅਤੇ ਰੋਕਥਾਮ ਬਹੁਤ ਜ਼ਰੂਰੀ ਹੈ। ਇਸ ਕੀੜੇ ਦੇ ਨਵੇਂ ਨਿਕਲੇ ਬੱਚੇ ਜਿਨ੍ਹਾਂ ਨੂੰ ਨਿੰਫ ਕਹਿੰਦੇ ਹਨ, ਸਲੇਟੀ ਚਿੱਟੇ ਰੰਗ ਦੇ ਹੁੰਦੇ ਹਨ, ਜਿਹੜੇ ਬਾਅਦ ਵਿੱਚ ਗੂੜੇ ਸਲੇਟੀ ਰੰਗ ਦੇ ਹੋ ਜਾਂਦੇ ਹਨ। ਇਸ ਦੇ ਬਾਲਗ ਦੀ ਪਿੱਠ ਤੇ ਬਰੀਕ ਚਿੱਟੀ ਪੱਟੀ ਹੁੰਦੀ ਹੈ, ਜੋ ਕਿ ਇਹਨਾਂ ਦੇ ਉੱਪਰਲੇ ਪਾਸੇ ਦਿਖਾਈ ਦਿੰਦੀ ਹੈ ਅਤੇ ਇੱਕ ਕਾਲਾ ਧੱਬਾ ਅਗਲੇ ਖੰਭਾਂ ਦੇ ਪਿਛਲੇ ਪਾਸੇ ਦੇ ਵਿਚਕਾਰ ਦਿਖਾਈ ਦਿੰਦਾ ਹੈ। ਪਨੀਰੀ ਅਤੇ ਖੇਤਾਂ ਵਿੱਚ ਇਸ ਕੀੜੇ ਦੇ ਸਰਵੇਖਣ ਲਈ ਕੁਝ ਕੁ ਬੂਟਿਆਂ ਨੂੰ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ। ਜੇਕਰ ਇਸਦੇ ਨਿੰਫ ਜਾਂ ਬਾਲਗ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ ਫ਼ਸਲ ਉੱਤੇ ਕੀਟਨਾਸ਼ਕ ਦੀ ਵਰਤੋਂ ਕਰੋ। ਟਿੱਡੇ ਦੀ ਆਮਦ ਦੇਖਣ ਲਈ ਰਾਤ ਨੂੰ ਪਨੀਰੀ/ਖੇਤ ਨੇੜੇ ਬਲੱਬ ਜਗਾ ਕੇ ਰੱਖੋ ਕਿਉਕਿ ਇਹ ਕੀੜਾ ਰੋਸ਼ਨੀ ਵੱਲ ਆਕਰਸ਼ਿਤ ਹੁੰਦਾ ਹੈ।

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069



### ਮਧਰੇਪਣ ਦੇ ਰੋਗ ਤੋਂ ਬਚਾਅ ਦੇ ਤਰੀਕੇ

ਝੋਨੇ ਦੇ ਮਧਰੇਪਣ ਦੇ ਰੋਗ ਦਾ ਸਿੱਧੇ ਤੌਰ ਉੱਤੇ ਪ੍ਰਬੰਧਨ ਮੁਸ਼ਕਿਲ ਹੈ ਕਿਉਕਿ ਇਹ ਇੱਕ ਵਿਸ਼ਾਣੂੰ ਰੋਗ ਹੈ।

★ ਜਿਸ ਖੇਤ ਵਿੱਚ ਪਿਛਲੇ ਸਾਲ ਇਹ ਬਿਮਾਰੀ ਨਜ਼ਰ ਆਈ ਹੋਵੇ, ਉੱਥੇ ਖਾਸ ਧਿਆਨ ਰੱਖਿਆ ਜਾਵੇ।

★ ਬਿਮਾਰੀ ਵਾਲੇ ਬੂਟਿਆਂ ਨੂੰ ਸ਼ੁਰੂ ਵਿੱਚ ਹੀ ਪੁੱਟ ਕੇ ਡੂੰਘਾ ਦੱਬ ਦਿਓ।

★ ਫ਼ਸਲ ਦੀ ਰਹਿੰਦ ਖੂੰਹਦ ਨੂੰ ਖੇਤ ਵਿੱਚ ਡੂੰਘਾ ਵਾਹੋ।

★ ਵੱਟਾ ਬੰਨ੍ਹਿਆਂ ਅਤੇ ਪਾਣੀ ਵਾਲੇ ਖਾਲਾਂ ਨੂੰ ਨਦੀਨ ਮੁਕਤ ਰੱਖੋ।

**ਚਿੱਟੀ ਪਿੱਠ ਵਾਲੇ ਟਿੱਡੇ ਦੀ ਰੋਕਥਾਮ** : ਇਸ ਰੋਗ ਦੀ ਸ਼ੁਰੂਆਤੀ ਲਾਗ ਨੂੰ ਅਤੇ ਬਾਅਦ ਵਿੱਚ ਫੈਲਾਅ ਨੂੰ ਰੋਕਣ ਲਈ ਚਿੱਟੀ ਪਿੱਠ ਵਾਲੇ ਟਿੱਡੇ ਦਾ ਪਨੀਰੀ ਅਤੇ ਖੇਤ ਵਿੱਚ ਸਰਵੇਖਣ ਜ਼ਰੂਰ ਕਰੋ। ਟਿੱਡੇ ਦੀ ਆਮਦ ਨਜ਼ਰ ਆਉਣ ਤੇ ਕਿਸੇ ਇੱਕ ਕੀਟਨਾਸ਼ਕ ਜਿਵੇਂ ਕਿ 60 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 80 ਗ੍ਰਾਮ ਟੋਕਨ / ਓਸੀਨ / ਡੋਮਿਨੇਂਟ 20 ਐਸ ਜੀ (ਡਾਇਨੋਟੈਫੂਰਾਨ) ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) ਜਾਂ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ (ਟ੍ਰਾਈਫਲੂਮਿਜ਼ੋਪਾਇਰਿਮ) ਜਾਂ 400 ਮਿਲੀਲਿਟਰ ਆਰਕੈਸਟਰਾ 10 ਐਸ ਸੀ (ਬੈਂਜ਼ਪਾਇਰੀਮੋਕਸਾਨ) ਜਾਂ 300 ਮਿਲੀਲਿਟਰ ਇਮੇਜਿਨ/ਵਿਓਲਾ 10 ਐਸ ਸੀ (ਫਲੂਪਾਇਰੀਮਿਨ) ਜਾਂ 800 ਮਿਲੀਲਿਟਰ ਏਕਾਲਕਸ / ਕੁਇਨਗਾਰਡ / ਕੁਇਨਲਮਾਸ 25 ਈ ਸੀ (ਕੁਇਨਲਫਾਸ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਸੁਚੱਜੀ ਰੋਕਥਾਮ ਵਾਸਤੇ ਛਿੜਕਾਅ ਕਰਨ ਵੇਲੇ ਪੰਪ ਦੇ ਫੁਹਾਰੇ ਦਾ ਰੁੱਖ ਬੂਟਿਆਂ ਦੇ ਮੁੱਢਾਂ ਵੱਲ ਰੱਖੋ ਤਾਂ ਜੋ ਛਿੜਕਾਅ ਬੂਟਿਆਂ ਦੇ ਮੁੱਢਾਂ ਤੇ ਜ਼ਰੂਰ ਪਵੇ ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ। ਲੋੜ ਪੈਣ ਤੇ ਪੀ. ਏ. ਯੂ. ਲੁਧਿਆਣਾ ਜਾਂ ਨੇੜਲੇ ਕੇ. ਵੀ. ਕੇ. ਦੇ ਮਾਹਿਰਾਂ ਨਾਲ ਸੰਪਰਕ ਕਰੋ।

BEW
ਕੇ ਐਸ ਗਰੁੱਪ
ਮਲੇਰਕੋਟਲਾ
KSA
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ




• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਉਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ
TOLL FREE NUMBER
1800-120-004455
• BHAGWAN ENGINNERING WORKS
• KS AGROTECH PVT. LTD.
• KS POWERTECH PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

# ਅਲਨੀਨੋ ਦਾ ਅਸਰ ਵਧਿਆ, ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ 23 ਫੀਸਦੀ ਘਟੀ

## ਝੋਨਾ, ਸੋਇਆਬੀਨ ਅਤੇ ਤਿਲਹਨ ਵੀ ਪ੍ਰਭਾਵਿਤ

ਇਸ ਸਾਲ ਕਮਜ਼ੋਰ ਮੌਨਸੂਨ ਦਾ ਅਸਰ ਦੇਸ਼ ਦੀ ਖੇਤੀ 'ਤੇ ਸਾਫ਼ ਦਿਖਾਈ ਦੇਣ ਲੱਗਾ ਹੈ। ਮੌਸਮ ਵਿਭਾਗ ਵੱਲੋਂ ਪਹਿਲਾਂ ਹੀ ਆਮ ਨਾਲੋਂ ਘੱਟ ਮੀਂਹ ਦਾ ਅੰਦਾਜ਼ਾ ਜਤਾਇਆ ਗਿਆ ਸੀ ਅਤੇ ਹੁਣ ਸਰਕਾਰੀ ਅੰਕੜੇ ਵੀ ਇਸ ਦੀ ਪੁਸ਼ਟੀ ਕਰ ਰਹੇ ਹਨ। ਸਾਉਣੀ ਦੇ ਸੀਜ਼ਨ ਦੀ ਬਿਜਾਈ ਪਿਛਲੇ ਸਾਲ ਦੀ ਤੁਲਨਾ ਵਿੱਚ ਕਰੀਬ 23 ਫੀਸਦੀ ਘੱਟ ਹੋਈ ਹੈ। ਸਭ ਤੋਂ ਵੱਧ ਅਸਰ ਝੋਨਾ, ਸੋਇਆਬੀਨ, ਦਾਲਾਂ ਅਤੇ ਤਿਲਹਨ ਫ਼ਸਲਾਂ 'ਤੇ ਪਿਆ ਹੈ।



ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਜੇਕਰ ਮੀਂਹ ਆਮ ਵਾਂਗ ਨਾ ਪਿਆ, ਤਾਂ ਉਤਪਾਦਨ ਵਿੱਚ ਕਮੀ ਦੇ ਨਾਲ-ਨਾਲ ਖਾਣ ਵਾਲੇ ਤੇਲ ਅਤੇ ਦਾਲਾਂ ਦੀ ਦਰਾਮਦ 'ਤੇ ਨਿਰਭਰਤਾ ਵੱਧ ਸਕਦੀ ਹੈ। ਹਾਲਾਂਕਿ ਸਰਕਾਰ ਦਾ ਦਾਅਵਾ ਹੈ ਕਿ ਸੰਭਾਵਿਤ ਸੰਕਟ ਨੂੰ ਦੇਖਦੇ ਹੋਏ ਪਹਿਲਾਂ ਤੋਂ ਹੀ ਅਨਾਜ ਦਾ ਲੋੜੀਂਦਾ ਬਫਰ ਸਟਾਕ ਤਿਆਰ ਕਰ ਲਿਆ ਗਿਆ ਹੈ।

### ਝੋਨੇ ਦੀ ਖੇਤੀ 'ਤੇ ਸਭ ਤੋਂ ਵੱਧ ਅਸਰ

ਸਾਉਣੀ ਦੇ ਸੀਜ਼ਨ ਦੀ ਮੁੱਖ ਫ਼ਸਲ ਝੋਨੇ ਦੀ ਬਿਜਾਈ ਵਿੱਚ ਸਭ ਤੋਂ ਵੱਧ ਕਮੀ ਦਰਜ ਕੀਤੀ ਗਈ ਹੈ। ਪਿਛਲੇ ਸਾਲ 34.41 ਲੱਖ ਹੈਕਟੇਅਰ ਵਿੱਚ ਝੋਨਾ ਬੀਜਿਆ ਗਿਆ ਸੀ, ਜਦੋਂਕਿ ਇਸ ਵਾਰ ਇਹ ਘੱਟ ਕੇ 25.75 ਲੱਖ ਹੈਕਟੇਅਰ ਰਹਿ ਗਿਆ ਹੈ। ਭਾਵ ਝੋਨੇ ਦੀ ਬਿਜਾਈ ਵਿੱਚ ਕਰੀਬ 25.1 ਫੀਸਦੀ ਦੀ ਕਮੀ ਆਈ ਹੈ। ਝੋਨੇ ਦੀ ਫ਼ਸਲ ਨੂੰ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ, ਇਸ ਲਈ ਕਮਜ਼ੋਰ ਮੌਨਸੂਨ ਦਾ ਸਿੱਧਾ ਅਸਰ ਇਸ 'ਤੇ ਪਿਆ ਹੈ। ਦਾਲਾਂ ਦੀ ਬਿਜਾਈ 30.48 ਫੀਸਦੀ ਘੱਟ ਕੇ 1.49 ਮਿਲੀਅਨ ਹੈਕਟੇਅਰ ਰਹਿ ਗਈ ਹੈ, ਜਦੋਂਕਿ ਤਿਲਹਨ ਦਾ ਰਕਬਾ 53.34 ਫੀਸਦੀ ਘੱਟ ਕੇ 1.69 ਮਿਲੀਅਨ ਹੈਕਟੇਅਰ 'ਤੇ ਪਹੁੰਚ ਗਿਆ ਹੈ। ਸੋਇਆਬੀਨ ਦੀ ਖੇਤੀ ਵਿੱਚ ਸਭ ਤੋਂ ਵੱਡੀ ਗਿਰਾਵਟ ਦਰਜ ਹੋਈ ਹੈ। ਪਿਛਲੇ ਸਾਲ 19.97 ਲੱਖ ਹੈਕਟੇਅਰ ਵਿੱਚ ਬੀਜੀ ਗਈ ਸੋਇਆਬੀਨ ਇਸ ਵਾਰ ਸਿਰਫ 6.92 ਲੱਖ ਹੈਕਟੇਅਰ ਤੱਕ ਸੀਮਤ ਰਹਿ ਗਈ ਹੈ, ਜੋ ਕਰੀਬ 65.3 ਫੀਸਦੀ ਦੀ ਰਿਕਾਰਡ ਗਿਰਾਵਟ ਹੈ। ਮੂੰਗਫਲੀ ਦੀ ਬਿਜਾਈ ਵੀ 42 ਫੀਸਦੀ ਘੱਟ ਹੋਈ ਹੈ।